Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਸਤੰਬਰ 2018 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ !



"ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥"

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# "ਜੁਗੋ ਜੁਗ ਅਟੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ"



ਭੁੱਲੀ-ਭਟਕੀ ਦੁਨੀਆਂ ਨੂੰ ਸਹੀ ਰਸਤਾ ਦਿਖਾਉਣ ਲਈ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਵਿੱਚ ਫਸੀ ਲੁਕਾਈ ਨੂੰ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਲਈ, ਦੁਲੰਭ ਮਨੁੱਖੀ ਜੀਵਨ ਨੂੰ ਸਫਲ ਬਣਾਉਣ ਲਈ, ਗੁਰੂ ਸਾਹਿਬਾਨ ਨੇ ਗਿਆਨ ਦੇ ਸਾਗਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਨ੍ਹਾਂ ਛੱਤੀ ਮਹਾਂਪੁਰਸ਼ਾਂ ਦੀ ਅੰਮ੍ਰਿਤਮਈ ਬਾਣੀ ਦਰਜ ਕੀਤੀ ਗਈ ਹੈ, ਜੋ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਹੀ ਬਚਨ ਸਨ। ਇਸੇ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, "ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।" ਇਸ ਅੰਮ੍ਰਿਤਮਈ ਬਾਣੀ ਵਿੱਚ ਹਰ ਇੱਕ ਪ੍ਰਾਣੀ ਨੂੰ ਆਪਣਾ ਅਨਮੋਲ ਜੀਵਨ ਸਫਲ ਕਰਨ ਲਈ ਜ਼ਿੰਦਗੀ ਦੇ ਹਰ ਪਹਿਲੂ ਤੋਂ ਸੇਧ ਦਿੱਤੀ ਗਈ ਹੈ।

ਪਹਿਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰਨ ਸੰਤਾਂ, ਮਹਾਂਪੁਰਸ਼ਾ, ਪਰਮਾਤਮਾ ਦੇ ਸੱਚੇ-ਸੁੱਚੇ ਪ੍ਰਭੂ-ਰੂਪ ਹੋ ਚੁੱਕੇ ਭਗਤਾਂ ਪਾਸੋਂ ਇਹ ਅੰਮ੍ਰਿਤਮਈ ਬਾਣੀ ਇੱਕਤਰ ਕੀਤੀ। ਇਸ ਅੰਮ੍ਰਿਤਮਈ ਧੁਰ ਕੀ ਬਾਣੀ ਦੇ ਨਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਲਾਹੀ ਬਾਣੀ ਸ਼ਾਮਿਲ ਕਰਕੇ ਸਾਰੀ ਬਾਣੀ ਨੂੰ ਪੋਥੀ ਸਾਹਿਬ ਦਾ ਰੂਪ ਦਿੱਤਾ। ਇਹ ਪੋਥੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸ਼੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀ। ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪੋਥੀ ਸਾਹਿਬ ਵਿੱਚ ਆਪਣੀ ਇਲਾਹੀ ਬਾਣੀ ਦਰਜ ਕਰਕੇ ਪੋਥੀ ਸਾਹਿਬ ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ। ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਨੂਰੀ ਬਾਣੀ ਪੋਥੀ ਸਾਹਿਬ ਵਿੱਚ ਦਰਜ ਕਰਕੇ ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪੀ। ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਅੰਮ੍ਰਿਤਮਈ ਬਾਣੀ ਇਸ ਪੋਥੀ ਵਿੱਚ ਅੰਕਿਤ ਕਰਕੇ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਪੋਥੀ ਸਾਹਿਬ ਸੌਂਪੀ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਇਕੱਤਰ ਕੀਤੀ ਅੰਮ੍ਰਿਤਮਈ ਬਾਣੀ ਅਤੇ ਆਪਣੀ ਉਚਾਰਨ ਕੀਤੀ ਧੁਰ ਕੀ ਬਾਣੀ ਨੂੰ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰਕੇ ਵਾਹਿਗੁਰੂ ਦੇ ਨਾਮ ਦਾ ਜਹਾਜ ਤਿਆਰ ਕੀਤਾ।

ਭਾਈ ਗੁਰਦਾਸ ਜੀ, ਜੋ ਕਿ ਰਿਸ਼ਤੇਦਾਰੀ ਵਿੱਚੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ, ਉਸ ਸਮੇਂ ਦੇ ਮਹਾਨ ਲਿਖਾਰੀ ਤੇ ਫਿਲਾਸਫਰ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪਵਿੱਤਰ ਗ੍ਰੰਥ ਸਾਹਿਬ ਲਿਖਣ ਦੀ ਜ਼ਿੰਮੇਵਾਰੀ ਸੌਂਪੀ। ਸਿੱਖ ਗੁਰੂ ਸਾਹਿਬਾਨ ਦੀ ਬਾਣੀ 'ਨਾਨਕ' ਨਾਮ ਨਾਲ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਮਹਲਾ ਚੌਥਾ ਅਤੇ ਮਹਲਾ ਪੰਜਵਾਂ ਦੇ ਸਿਰਲੇਖ ਹੇਠ ਦਰਜ ਕੀਤੀ ਗਈ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਮਈ ਬਾਣੀ ਲਿਖਾਈ ਅਤੇ ਭਾਈ ਗੁਰਦਾਸ ਜੀ ਨੇ ਲਿਖੀ। ਪਵਿੱਤਰ ਆਦਿ ਗ੍ਰੰਥ ਤਿਆਰ ਕਰਨ ਲਈ ਤਕਰੀਬਨ ਇੱਕ ਸਾਲ ਲੱਗਾ। ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 30 ਅਗਸਤ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ ਗਿਆ।

ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਉਪ੍ਰੰਤ ਸਰਬਤ ਸ਼ਹੀਦਾਂ ਨਮਿਤ ਸ਼੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣ ਦਾ ਵਿਚਾਰ ਬਣਾਇਆ। ਆਪ ਜੀ ਨੇ ਕੁਝ ਸਿੰਘਾਂ ਨੂੰ ਕਰਤਾਰਪੁਰ ਭੇਜਿਆ ਕਿ ਉਹ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਆਉਣ। ਧੀਰਮਲ ਨੇ ਆਦਿ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ

ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੋਲ-ਕੁਬੋਲ ਵੀ ਬੋਲੇ। ਇਹ ਵੀ ਮਿਹਣਾ ਮਾਰਿਆ ਕਿ ਜੇ ਤੁਹਾਡਾ ਗੁਰੂ ਪੂਰਾ ਹੈ ਤਾਂ ਆਪ ਗ੍ਰੰਥ ਲਿਖ ਲਵੇ। ਧੀਰਮਲ ਦਾ ਕੋਰਾ ਜਵਾਬ ਆਉਣ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਉਣ ਦਾ ਕਾਰਜ ਆਰੰਭਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਧੁਰ ਕੀ ਅੰਮ੍ਰਿਤਮਈ ਬਾਣੀ ਲਿਖਾਈ ਜਾਂਦੇ ਅਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਸਾਰੀ ਬਾਣੀ ਦੇ ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਿਸ ਰਾਗ ਵਿੱਚ ਰਚੀ ਗਈ ਸੀ, ਉਸੇ ਰਾਗ ਵਿੱਚ ਦਰਜ ਕੀਤੀ। ਤਕਰੀਬਨ ਛੇ ਮਹੀਨੇ ਦੇ ਅਰਸੇ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਲਿਖਵਾਈ। ਸਾਬੋ ਕੀ ਤਲਵੰਡੀ ਵਿਖੇ ਇਹ ਬੀੜ ਲਿਖਵਾਈ ਗਈ ਅਤੇ ਗੁਰੂ ਸਾਹਿਬ ਜੀ ਨੇ ਇਸ ਨਗਰੀ ਦਾ ਨਾਂ 'ਗੁਰੂ ਕੀ ਕਾਂਸ਼ੀ' ਰੱਖਿਆ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਵਾਈ ਅਤੇ ਭਾਈ ਮਨੀ ਸਿੰਘ ਜੀ ਵੱਲੋਂ ਲਿਖੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸੇ ਦਮਦਮੀ ਬੀੜ ਦੇ ਉਤਾਰੇ ਨੂੰ ਗੁਰਗੱਦੀ ਦਿੱਤੀ ਗਈ। ਇਸੇ ਬੀੜ ਦੇ ਉਤਾਰੇ ਨੂੰ 'ਸ਼ਬਦ ਗੁਰੂ' ਮੰਨਣ ਦੇ ਹੁਕਮ ਹੋਏ। ਇਸੇ ਹੀ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਰ ਰੂਪ ਛਪ ਕੇ ਤਿਆਰ ਹੋਏ ਅਤੇ ਅੱਜ-ਕੱਲ੍ਹ ਇਸੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਭ ਸੰਗਤਾਂ ਵਿੱਚ ਪ੍ਰਚਲਿਤ ਹਨ। ਇਸ ਸੰਸਾਰ ਵਿੱਚ 36 ਪਦਾਰਥ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਐਸੇ ਰੂਹਾਨੀ ਥਾਲ ਵਾਂਗ ਪਰੋਸਿਆ ਗਿਆ, ਜਿਸ ਵਿੱਚ 36 ਪਦਾਰਥਾਂ ਵਾਂਗ 36 ਮਹਾਂਪੁਰਖਾਂ ਦੀ ਬਾਣੀ ਹੈ। ਇਹ ਪ੍ਰਭੂ-ਰੂਪ ਮਹਾਂ ਪੁਰਖ ਨਿਮਨਲਿਖਤ ਹਨ: 6 ਸਿੱਖ ਗੁਰੂ ਸਾਹਿਬਾਨ: ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਅੰਗਦ ਦੇਵ ਜੀ, ਸ਼੍ਰੀ ਗੁਰੂ ਅਮਰਦਾਸ ਜੀ, ਸ਼੍ਰੀ ਗੁਰੂ ਰਾਮਦਾਸ ਜੀ, ਸ਼੍ਰੀ ਗੁਰੂ ਅਰਜਨ ਦੇਵ ਜੀ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜੁਗੋ ਜੁਗ ਅਟੱਲ ਗੁਰੂ' ਦਾ ਦਰਜਾ ਦਿੰਦਿਆਂ, ਇਸ ਵਿੱਚ ਅੰਕਿਤ 36 ਮਹਾਂਪੁਰਖਾਂ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲ ਕਰਨ ਲਈ ਹੁਕਮ ਕੀਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਤੋਂ ਬਾਅਦ ਗੁਰਬਾਣੀ ਨੂੰ ਭਗਤ ਬਾਣੀ ਜਾਂ ਭੱਟ ਬਾਣੀ ਦੇ ਰੂਪ ਵਿੱਚ ਵੰਡਣਾ ਕਦਾਚਿਤ ਉਚਿਤ ਨਹੀਂ ਹੈ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਅੰਮ੍ਰਿਤਮਈ ਬਾਣੀ 'ਗੁਰਬਾਣੀ' ਹੈ ਅਤੇ ਇਨ੍ਹਾਂ ਦੇ ਰਚੇਤੇ ਮਹਾਂਪੁਰਖਾਂ ਨੂੰ ਕਿਸੇ ਜਾਤ-ਪਾਤ, ਇਲਾਕੇ ਜਾਂ ਵਰਣ-ਵੰਡ ਦੇ ਨਾਂ ਤੇ ਉੱਚੇ-ਨੀਵੇਂ ਦੱਸਣਾ ਅਤੇ ਭਗਤ ਜਾਂ ਗੁਰੂ ਦੇ ਰੂਪ ਵਿੱਚ ਵੰਡੀਆਂ ਪਾਉਣਾ ਗੁਰੂ-ਆਸ਼ੇ ਦੇ ਅਨੁਕੂਲ ਨਹੀਂ। ਸਾਰੇ ਭਾਈਚਾਰਿਆਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਅਤੇ ਰੂਹਾਨੀ ਅਗਵਾਈ ਵਿੱਚ ਜੋੜਣਾ ਅਤੇ ਸਦਾ ਲਈ ਜੋੜੀ ਰੱਖਣਾ ਸਿੱਖ ਗੁਰੂ ਸਾਹਿਬਾਨ ਦਾ ਮੰਤਵ ਸੀ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਸਾਰਗ ਮਹਲਾ ੫ ॥**
**ਪੋਥੀ ਪਰਮੇਸਰ ਕਾ ਥਾਨੁ ॥**
**ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥**
**ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥**
**ਜਿਸਹਿ ਕ੍ਰਿਪਾਲ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥**
**ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥**
**ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕ ਮਾਂਗੈ ਦਾਨੁ ॥੨॥੯੦॥੧੧੩॥ (ਪੰਨਾ ੧੨੨੬)**

# ਲੁਬਾਣਾ ਸੇਵਕ


**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
parminderjitsingh84@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਅੱਸੂ) 17-10-2018 (ਬੁੱਧਵਾਰ)
ਪੂਰਨਮਾਸ਼ੀ - (੯ ਅੱਸੂ) 25-10-2018 (ਵੀਰਵਾਰ)
ਮੱਸਿਆ - (੨੩ ਅੱਸੂ) 9-10-2018 (ਮੰਗਲਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 79 | ਸਤੰਬਰ - 2018



1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 414ਵੇਂ (ਪਹਿਲੇ) ਪ੍ਰਕਾਸ਼ ਦਿਵਸ.... 5
2. ਵਿਅਰਥ ਮਾਨ 9
3. ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 11
4. ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਸਹਿਜ ਮਾਰਗ ਦੀ ਲੋੜ 14
5. ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਅਤੇ ਉਸ ਦੀ 'ਹੀਰ' 15
6. ਅਕਾਲ ਪੁਰਖ ਦੇ ਅਨੁਭਵੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 17
7. ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣੀਏ 19
8. ਕਹਾਣੀ 20
9. ਕਾਵਿ-ਕਿਆਰੀ 24
10. ਸਿਹਤ ਸੰਭਾਲ 26
11. ਬਾਵਾ ਚਰਨਜੀਤ ਸਿੰਘ ਜੀ ਦੀ ਯਾਦ ਵਿਚ ਹੋਏ ਧਾਰਮਿਕ... 28
12. Healthy Tips For Women 29
13. Carrier After +2 30
14. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 32
15. ਗਰਾਂਟ ਆਫ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ 2018-19 33-37
16. ਆਓ ਜਾਣੀਏ ! 38
17. ਦਾਨੀ ਸੱਜਣਾਂ ਦੀ ਸੂਚੀ 39
18. Matrimonial 41



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 414ਵੇਂ (ਪਹਿਲੇ) ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼






**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ ਦਾ ਸਦੀਵ ਸ਼ਬਦ-ਗੁਰੂ ਹੈ। ਇਹ ਇਕ ਅਜਿਹਾ ਕੇਂਦਰ ਬਿੰਦੂ ਹੈ ਜਿਸ ਦੇ ਦੁਆਲੇ ਸਮੁੱਚੇ ਸਿੱਖ ਜਗਤ ਦਾ ਕਾਰ-ਵਿਹਾਰ ਘੁੰਮਦਾ ਹੈ। ਜੋ ਵੀ ਪ੍ਰਾਣੀ ਮਾਤਰ ਆਪਣੇ ਆਪ ਨੂੰ ਸਿੱਖ ਕਹਾਉਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਹੈ, ਉਹ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫੇ 'ਤੇ ਅਧਾਰਤ ਜ਼ਿੰਦਗੀ ਜੀਉਣ ਦਾ ਪਾਬੰਦ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਸ ਤਰ੍ਹਾਂ 'ਆਦਿ ਗ੍ਰੰਥ' 'ਆਦਿ ਸ੍ਰੀ ਗੁਰੂ ਗ੍ਰੰਥ' ਆਦਿ। ਆਮ ਸੌਖੀ, ਸਰਲ ਤੇ ਪੇਂਡੂ ਭਾਸ਼ਾ ਵਿੱਚ ਇਸ ਨੂੰ 'ਦਰਬਾਰ ਸਾਹਿਬ' (ਰੱਬੀ ਅਦਾਲਤ) ਵੀ ਕਿਹਾ ਜਾਂਦਾ ਹੈ। ਭਾਵੇਂ 'ਆਦਿ ਗ੍ਰੰਥ' ਦਾ ਸੰਕਲਨ 1604 ਈ. ਵਿੱਚ ਹੋਇਆ ਪਰ ਇਸ ਵਿੱਚ ਸ਼ਾਮਲ ਬਾਣੀ ਨੂੰ ਲਿਖਣ ਤੇ ਇਕੱਤਰ ਕਰਨ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ। ਭਾਈ ਗੁਰਦਾਸ ਭੱਲਾ ਦੀ ਪਹਿਲੀ ਵਾਰ ਤੋਂ ਇਹ ਸੰਕੇਤ ਮਿਲਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਆਪਣੇ ਪਾਸ ਇਕ ਪੋਥੀ ਰੱਖਦੇ ਸਨ। ਨਿਰਸੰਦੇਹ ਇਹ ਪੋਥੀ ਉਹੀ ਸੀ ਜਿਸ ਵਿੱਚ ਗੁਰੂ ਸਾਹਿਬ ਆਪਣੀ ਰਚੀ ਬਾਣੀ ਨੂੰ ਦਰਜ ਕਰਦੇ ਸਨ। ਪੁਰਾਤਨ ਜਨਮ ਸਾਖੀ ਦੀ ਗਵਾਹੀ ਤੋਂ ਇਹ ਪਤਾ ਚਲਦਾ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਜੀ ਨੂੰ ਸੌਂਪੀ ਤੇ ਨਾਲ ਹੀ ਉਨ੍ਹਾਂ ਨੂੰ ਉਹ 'ਪੋਥੀ' ਜਿਸ ਵਿੱਚ ਉਨ੍ਹਾਂ ਦੀ ਆਪਣੀ ਬਾਣੀ ਸੀ, ਵੀ ਸੌਂਪ ਦਿੱਤੀ।

'ਆਦਿ ਗ੍ਰੰਥ' ਦੀ ਸੰਪਾਦਨਾ ਸਿੱਖ ਇਤਿਹਾਸ ਵਿੱਚ ਇਕ ਅਤਿ ਅਹਿਮ ਘਟਨਾ ਹੈ। ਇਸ ਪਵਿੱਤਰ ਗ੍ਰੰਥ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਦੁਆਰਾ ਕੀਤਾ ਗਿਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਗਰ ਪਹਿਲੇ ਗੁਰੂ

ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਮੌਜੂਦ ਸੀ ਤਾਂ ਬਾਣੀ ਨੂੰ ਗੁਰੂ ਦਾ ਰੁਤਬਾ ਵੀ ਪ੍ਰਾਪਤ ਸੀ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਇਸ 'ਗ੍ਰੰਥ' ਦੀ ਸੰਪਾਦਨਾ ਦੀ ਲੋੜ ਕਿਉਂ ਮਹਿਸੂਸ ਹੋਈ? ਇਸ ਸਵਾਲ ਦੇ ਇਤਿਹਾਸਕਾਰਾਂ-ਵਿਦਵਾਨਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਕਈ ਜਵਾਬ ਦਿੱਤੇ ਹਨ। ਪਰ ਪ੍ਰਮੁੱਖ ਤੇ ਪ੍ਰਵਾਨਤ ਕਾਰਨ ਇਹ ਸੀ ਕਿ ਗੁਰੂ ਸਾਹਿਬ ਇਹ ਮਹਿਸੂਸ ਕਰਦੇ ਸਨ ਕਿ ਸਿੱਖ ਧਰਮ ਦੀ ਸੁੰਤਤਰ ਹੋਂਦ ਲਈ ਸਿੱਖਾਂ ਪਾਸ ਆਪਣਾ ਧਾਰਮਿਕ ਗ੍ਰੰਥ ਹੋਣਾ ਬਹੁਤ ਜ਼ਰੂਰੀ ਹੈ। ਗੁਰੂ-ਘਰ ਦੇ ਵਿਰੋਧੀ ਬਹੁਤ ਸਾਰੀ ਬਾਣੀ ਰਚ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ। ਸੋ ਗੁਰੂ ਸਾਹਿਬ ਨੇ ਇਹ ਫੈਸਲਾ ਕੀਤਾ ਕਿ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕ ਥਾਂ ਇਕੱਤਰ ਕਰਕੇ ਇਕ 'ਗ੍ਰੰਥ' ਦਾ ਰੂਪ ਦਿੱਤਾ ਜਾਵੇ ਤਾਂ ਕਿ ਇਸ ਵਿੱਚ ਕੱਚੀ ਬਾਣੀ ਦੀ ਮਿਲਾਵਟ ਦੀ ਕੋਈ ਗੁੰਜਾਇਸ਼ ਨਾ ਰਹਿ ਜਾਵੇ ਅਤੇ ਸਿੱਖ, ਗੁਰੂ-ਘਰ ਦੇ ਵਿਰੋਧੀਆਂ (ਮੀਣੇ) ਵੱਲੋਂ ਰਚੀ ਬਾਣੀ ਵੱਲ ਪ੍ਰੇਰਿਤ ਨਾ ਹੋ ਜਾਣ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਇਹ ਖਾਹਿਸ਼ ਭਾਈ ਗੁਰਦਾਸ ਕੋਲ ਪ੍ਰਗਟ ਕੀਤੀ। ਉਪ੍ਰੰਤ ਸਿੱਖਾਂ ਨੂੰ ਵੱਖ-ਵੱਖ ਇਲਾਕਿਆਂ ਵਿੱਚ ਸੁਨੇਹੇ ਭੇਜੇ ਕਿ ਜਿਸ ਪਾਸ ਵੀ ਗੁਰੂ ਸਾਹਿਬਾਨ ਦੀ ਬਾਣੀ ਹੈ ਉਹ ਆਪਣੇ ਨਾਲ ਲੈ ਕੇ ਗੁਰੂ ਦੇ ਸਨਮੁੱਖ ਹਾਜ਼ਰ ਹੋਵੇ। ਇਸ ਤਰ੍ਹਾਂ ਸੂਫੀਆਂ, ਸੰਤਾਂ, ਭਗਤਾਂ ਦਿਆਂ ਚੇਲਿਆਂ ਨੂੰ ਵੀ ਕਹਿ ਭੇਜਿਆ ਕਿ ਉਹ ਆਪਣੇ ਵਡੇਰਿਆਂ ਦੀਆਂ ਰਚਨਾਵਾਂ ਗੁਰੂ ਸਾਹਿਬ ਪਾਸ ਭੇਜਣ ਤਾਂ ਕਿ ਉਨ੍ਹਾਂ ਵੱਲੋਂ ਸੰਪਾਦਤ ਹੋਣ ਵਾਲੇ 'ਗ੍ਰੰਥ' ਵਿੱਚ ਸ਼ਾਮਿਲ ਕੀਤੀਆਂ ਜਾ ਸਕਣ।

ਨਿਰਸੰਦੇਹ ਇਸ ਮਹਾਨ ਗ੍ਰੰਥ ਦੇ ਸੰਕਲਨ ਦਾ ਕਾਰਜ ਕੋਈ ਸੌਖਾ ਕੰਮ ਨਹੀਂ ਸੀ। ਸਭ ਤੋਂ ਪਹਿਲੀ ਮੁਸ਼ਕਿਲ ਤਾਂ ਗੁਰੂ ਸਾਹਿਬਾਨ ਦੀ ਬਾਣੀ ਜੋ ਕਿ ਵੱਖ-ਵੱਖ ਥਾਵਾਂ 'ਤੇ ਪਈ ਸੀ, ਨੂੰ ਇਕੱਤਰ ਕਰਨ ਦੀ ਸੀ। ਕਿਹਾ ਜਾਂਦਾ ਹੈ ਕਿ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਪਾਸ ਸੀ। ਬਾਬਾ ਜੀ ਪਾਸੋਂ ਗੁਰ-ਬਾਣੀ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਕਠਨਾਈ ਦਾ ਸਾਹਮਣਾ ਕਰਨਾ ਪਿਆ। ਰਵਾਇਤ ਅਨੁਸਾਰ, ਪਹਿਲਾਂ ਭਾਈ ਗੁਰਦਾਸ ਤੇ ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਬਾਬਾ ਮੋਹਨ ਜੀ ਪਾਸ ਇਸ ਕਾਰਜ ਲਈ ਭੇਜਿਆ ਪਰ ਇਹ ਦੋਵੇਂ ਗੁਰਸਿੱਖ 'ਬਾਣੀ' ਪ੍ਰਾਪਤ ਕਰਨ ਵਿੱਚ ਅਸਫਲ ਰਹੇ। ਫਿਰ ਗੁਰੂ ਸਾਹਿਬ ਖੁਦ ਚਲ ਕੇ ਗੋਇੰਦਵਾਲ ਪਹੁੰਚੇ ਤੇ ਬਾਬਾ ਜੀ ਤੋਂ ਗੁਰਬਾਣੀ ਵਾਲੀਆਂ ਪੋਥੀਆਂ ਪ੍ਰਾਪਤ ਕੀਤੀਆਂ। ਪ੍ਰਾਪਤੀ ਉਪ੍ਰੰਤ ਇਨ੍ਹਾਂ ਪੋਥੀਆਂ ਨੂੰ ਖੂਬਸੂਰਤ ਪਾਲਕੀ ਵਿੱਚ ਸਜਾਇਆ ਗਿਆ। ਇਹ ਪਾਲਕੀ ਚਾਰ ਸਿੱਖਾਂ ਨੇ ਆਪਣੇ ਮੋਢਿਆਂ 'ਤੇ ਚੁੱਕੀ ਤੇ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਏ। ਗੁਰੂ ਅਰਜਨ ਸਾਹਿਬ ਖੁਦ ਨੰਗੇ ਪੈਰੀਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੇ ਸਨ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ। ਇਹ ਕਾਫਲਾ ਕੁਝ ਚਿਰ ਲਈ ਖਡੂਰ ਸਾਹਿਬ ਗੁਰੂ ਅੰਗਦ ਦੇਵ ਸਾਹਿਬ ਦੇ ਅਸਥਾਨ ਦੇ ਦਰਸ਼ਨ ਕਰਨ ਹਿੱਤ ਰੁਕਿਆ। ਜਦ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਅੰਮ੍ਰਿਤਸਰ ਵਿਖੇ ਇਹ ਖਬਰ ਮਿਲੀ ਕਿ ਗੁਰੂ ਅਰਜਨ ਸਾਹਿਬ 'ਪੋਥੀਆਂ' ਸਮੇਤ ਅੰਮ੍ਰਿਤਸਰ ਆ ਰਹੇ ਹਨ ਤਾਂ ਆਪ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੂੰ ਨਾਲ ਲੈ ਕੇ 'ਪੋਥੀਆਂ' ਦਾ ਸਵਾਗਤ ਕਰਨ ਹਿੱਤ ਅੰਮ੍ਰਿਤਸਰ ਤੋਂ ਚੱਲ ਪਏ। ਅੰਮ੍ਰਿਤਸਰ ਤੋਂ ਕੋਈ ਦੋ ਕੋਹ ਦੀ ਵਿੱਥ 'ਤੇ ਆਪ ਨੇ ਗੁਰੂ-ਪਿਤਾ ਨੂੰ ਮੱਥਾ ਟੇਕਿਆ ਤੇ 'ਪੋਥੀਆਂ' 'ਤੇ ਫੁੱਲਾਂ ਦੀ ਵਰਖਾ ਕੀਤੀ। ਹੁਣ ਗੁਰੂ ਅਰਜਨ ਸਾਹਿਬ, ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ 'ਪੋਥੀਆਂ' ਵਾਲੀ ਪਾਲਕੀ ਨੂੰ ਆਪਣੇ ਮੋਢਿਆਂ 'ਤੇ ਟਿਕਾਇਆ ਤੇ ਅੰਮ੍ਰਿਤਸਰ ਨੂੰ ਰਵਾਨਾ ਹੋਏ। ਪਾਲਕੀ ਤੋਂ ਅੱਗੇ ਵਜੰਤਰੀ ਵੱਖ-ਵੱਖ ਸੰਗੀਤਕ-ਯੰਤਰਾਂ (ਸਾਜ਼ਾਂ) ਰਾਹੀਂ ਖੁਸ਼ੀ ਦੀ ਧੁਨਾਂ ਕੱਢ ਰਹੇ ਸਨ ਜਦਕਿ ਬਾਕੀ ਸਿੱਖ ਸੰਗਤਾਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੀਆਂ ਸਨ। ਅੰਮ੍ਰਿਤਸਰ ਪਹੁੰਚ ਕੇ ਗੁਰੂ ਅਰਜਨ ਸਾਹਿਬ ਜੀ ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਗਏ ਤੇ ਪੋਥੀਆਂ ਦੀ ਪ੍ਰਾਪਤੀ ਲਈ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕੜਾਹ ਪ੍ਰਸ਼ਾਦਿ ਕਰਵਾਇਆ।

ਦੂਸਰੀ ਵੱਡੀ ਮੁਸ਼ਕਲ ਸੀ ਭਗਤਾਂ, ਸੰਤਾਂ, ਸੂਫੀਆਂ ਤੇ ਭੱਟਾਂ ਆਦਿ ਦੀਆਂ ਰਚਨਾਵਾਂ ਦੀ ਚੋਣ ਕਰਨ ਦੀ ਕਿਉਂਕਿ ਇਨ੍ਹਾਂ ਦੀਆਂ ਰਚਨਾਵਾਂ ਦੀ ਗਿਣਤੀ ਕਾਫੀ ਸੀ। ਸੋ ਗੁਰੂ ਸਾਹਿਬ ਨੇ ਭਗਤਾਂ ਦੇ ਅਨੁਯਾਈਆਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਆਪਣੇ ਆਪਣੇ ਵਡੇਰਿਆਂ ਦੀ ਬਾਣੀ ਸੁਣਾਉਣ ਨੂੰ ਕਿਹਾ। ਇਨ੍ਹਾਂ ਵਿੱਚੋਂ ਜੋ ਸ਼ਬਦ ਗੁਰੂ-ਆਸ਼ੇ ਦੇ ਅਨੁਕੂਲ ਸਨ, ਉਨ੍ਹਾਂ ਨੂੰ 'ਆਦਿ ਗ੍ਰੰਥ' ਵਿੱਚ ਸਥਾਨ ਦੇ ਦਿੱਤਾ ਤੇ ਬਾਕੀਆਂ ਨੂੰ ਛੱਡ ਦਿੱਤਾ।

ਤੀਸਰਾ ਜੋਖਮ ਭਰਿਆ ਕੰਮ ਸੀ, ਸਾਰੀ ਦੀ ਸਾਰੀ ਚੁਣੀ ਹੋਈ ਬਾਣੀ ਨੂੰ ਰਾਗਾਂ ਦੇ ਅਨੁਸਾਰ ਤਰਤੀਬ ਦੇਣਾ। ਇਹ ਸਾਰਾ ਕਾਰਜ ਅਣਥੱਕ ਲਗਨ ਤੇ ਉੱਚ ਬੌਧਿਕ ਸੰਜਮ ਵਾਲਾ ਸੀ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਖੂਬੀ ਨਿਭਾਇਆ ਤੇ ਸਾਰੀ ਚੁਣੀ ਹੋਈ ਸਮੱਗਰੀ ਨੂੰ ਇਕੱਠੀ ਰਾਗਾਂ ਅਨੁਸਾਰ ਵੰਡਿਆ ਤੇ ਹਰੇਕ ਰਚਨਾ ਨੂੰ ਸਹੀ ਸਥਾਨ 'ਤੇ ਅੰਕਤ ਕੀਤਾ।

ਇਸ ਅਤਿ ਬੌਧਿਕ-ਸੰਜਮ ਵਾਲੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ ਦੱਖਣ ਵੱਲ, ਇਕ ਇਕਤਾਂ ਤੇ ਰਮਣੀਕ ਸਥਾਨ ਰਾਮਸਰ ਸਰੋਵਰ ਦੇ ਕੰਢੇ ਇਕ ਪਿੱਪਲ ਦੇ ਦਰੱਖਤ ਹੇਠ ਇਕ ਤੰਬੂ ਲਵਾਇਆ ਤੇ ਉਥੇ ਬੈਠ ਕੇ ਇਹ ਕਾਰਜ ਆਰੰਭ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਹਰ ਪਾਸਿਓਂ ਇਕੱਤਰ ਬਾਣੀ ਨੂੰ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੱਖਾ ਜੀ ਤੇ ਭਾਈ ਮਨਸਾ ਰਾਮ ਜੀ ਨੂੰ ਉਤਾਰਾ ਕਰਨ ਲਈ ਸੌਂਪਿਆ ਗਿਆ। ਉਨ੍ਹਾਂ ਦੁਆਰਾ ਉਤਾਰੀ ਗਈ ਬਾਣੀ ਨੂੰ ਸੋਧ ਕੇ, ਆਪਣੀ ਯੋਜਨਾ ਅਨੁਰੂਪ 'ਗ੍ਰੰਥ' ਵਿੱਚ ਸਥਾਨ ਦੇ ਕੇ, ਅੰਤਿਮ ਰੂਪ ਵਿੱਚ ਲਿਖਣ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ।

'ਆਦਿ ਗ੍ਰੰਥ' ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ ਤੇ ਸੂਫੀਆਂ, 11 ਭੱਟਾਂ ਤੇ ਗੁਰੂ-ਘਰ ਦੇ ਤਿੰਨ ਗਵੱਈਆਂ ਦੇ ਸ਼ਬਦ ਦਰਜ ਹਨ। ਇਹ ਭਾਰਤ ਦੇ ਵੱਖ-ਵੱਖ ਖੇਤਰਾਂ, ਜਾਤਾਂ ਤੇ ਧਰਮਾਂ ਨਾਲ ਸਬੰਧਤ ਸਨ। ਭਾਈ ਗੁਰਦਾਸ ਜੀ ਅਨੁਸਾਰ ਆਦਿ ਗ੍ਰੰਥ ਦੀ ਸੰਪੂਰਨਤਾ ਭਾਦੋਂ ਵਦੀ ਏਕਮ 661 ਬਿ. ਅਰਥਾਤ 1 ਅਗਸਤ 1604 ਈ. ਤਤਕਰੇ ਤੱਕ ਹੋਈ। ਇਸ ਦੇ 974 ਪੱਤਰੇ ਜਾਂ 1948 ਸਫੇ 12 "8)) ਆਕਾਰ ਦੇ ਸਨ। ਇਸ ਗਰੰਥ ਨੂੰ 'ਆਦਿ ਬੀੜ' ਜਾਂ 'ਕਰਤਾਰਪੁਰ ਵਾਲੀ ਬੀੜ' ਕਰਕੇ ਜਾਣਿਆ ਜਾਂਦਾ ਹੈ। ਆਦਿ ਗ੍ਰੰਥ ਸਾਹਿਬ ਦੇ ਤਿਆਰ ਹੋਣ ਉਪ੍ਰੰਤ ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਭਾਈ ਬੰਨੋ ਨੂੰ ਗ੍ਰੰਥ ਸਾਹਿਬ ਜੀ ਦੀ ਜਿਲਤ ਬੰਨ੍ਹਵਾਉਣ ਵਾਸਤੇ ਲਾਹੌਰ ਭੇਜਿਆ। ਭਾਈ ਬੰਨੋ ਨੇ ਕਾਹਲੀ ਨਾਲ ਇਸ ਦੀ ਇਕ ਨਕਲ ਤਿਆਰ ਕਰ ਲਈ, ਜਿਸ ਨੂੰ 'ਭਾਈ ਬੰਨੋ ਵਾਲੀ ਬੀੜ' ਕਹਿੰਦੇ ਹਨ। ਇਹ ਹੁਣ ਤੱਕ ਇਨ੍ਹਾਂ ਦੇ ਵੰਸ਼ ਪਾਸ ਹੈ। ਇਸ ਬੀੜ ਨੂੰ ਖਾਰੀ ਬੀੜ ਕਰਕੇ ਵੀ ਜਾਣਿਆ ਜਾਂਦਾ ਹੈ। ਕਿਉਂਕਿ ਭਾਈ ਬੰਨੋ ਨੇ ਇਸ ਦਾ ਉਤਾਰਾ ਕਾਹਲੀ ਨਾਲ ਕੀਤਾ ਸੀ ਸੋ ਬਾਣੀ ਉਤਾਰਦਿਆਂ ਬਹੁਤ ਸਾਰੀਆਂ ਉਕਾਈਆਂ ਅਨਜਾਣੇ ਵਿੱਚ ਹੀ ਹੋ ਗਈਆਂ ਸਨ। ਤੀਸਰੀ ਬੀੜ ਜੋ ਗੁਰੂ

ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਗਈ, ਇਸ ਨੂੰ 'ਦਮਦਮੀ ਬੀੜ' ਕਰਕੇ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸ਼੍ਰੋ. ਗੁ. ਪ੍ਰ.ਕਮੇਟੀ ਵੱਲੋਂ ਪ੍ਰਵਾਨਤ ਬੀੜ ਦਮਦਮੇ ਵਾਲੀ ਬੀੜ 'ਤੇ ਅਧਾਰਤ ਹੀ ਹੈ। ਇਸ ਦੇ 1430 ਪੰਨੇ ਹਨ ਅਤੇ ਇਸੇ ਹੀ 'ਬੀੜ' ਦਾ ਹਰ ਗੁਰਦੁਆਰੇ ਵਿੱਚ ਪ੍ਰਕਾਸ਼ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ 'ਜਪੁ ਜੀ' ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ 'ਸੋ ਦਰੁ ਰਹਰਾਸਿ' ਨੂੰ ਸਥਾਨ ਦਿੱਤਾ ਗਿਆ ਹੈ। 'ਸੋ ਦਰੁ' ਦਾ ਅਰਥ ਹੈ - ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਇਸ ਦਾ ਪਾਠ ਸ਼ਾਮ ਵੇਲੇ ਕੀਤਾ ਜਾਂਦਾ ਹੈ। 'ਸੋ ਦਰੁ ਰਹਰਾਸਿ' ਤੋਂ ਪਿੱਛੋਂ 'ਸੋ ਪੁਰਖ' (ਸਰਵ ਸ਼ਕਤੀਮਾਨ ਪਰਮਾਤਮਾ) ਨਾਮੀ ਰਚਨਾ ਹੈ। ਇਸ ਦਾ ਪਾਠ ਵੀ ਸ਼ਾਮ ਨੂੰ ਕੀਤਾ ਜਾਂਦਾ ਹੈ। ਇਸ ਪਿੱਛੋਂ 'ਸੋਹਿਲਾ' ਹੈ। ਇਸ ਦਾ ਪਾਠ ਰਾਤ ਨੂੰ ਸੌਣ ਵੇਲੇ ਕੀਤਾ ਜਾਂਦਾ ਹੈ।

'ਸੋਹਿਲਾ' ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ-ਵਿਅਕਤੀਆਂ ਨੂੰ ਤਰਤੀਬ ਅਨੁਸਾਰਤੇ ਫਿਰ ਛੰਦਾਂ ਜਾਂ ਕਾਵਿ-ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ 'ਨਾਨਕ' ਨਾਮ ਦਾ ਪ੍ਰਯੋਗ ਕਰਕੇ ਏਕ-ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ।

ਵਿਸ਼ਵ-ਵਿਆਪੀ ਸਰੂਪ ਵਾਲੇ ਇਸ ਮਹਾਨ ਗ੍ਰੰਥ ਦੀ ਸੰਪੂਰਨਤਾ 'ਤੇ ਗੁਰੂ ਅਰਜਨ ਸਾਹਿਬ ਤੇ ਸਮੂਹ ਸਿੱਖ ਸੰਗਤਾਂ ਵੱਲੋਂ ਅਨੰਤ ਖੁਸ਼ੀ ਮਨਾਈ ਗਈ। ਸਿੱਖ ਸੰਗਤਾਂ ਵਹੀਰਾਂ ਘੱਤ ਕੇ 'ਗ੍ਰੰਥ' ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ। ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਗੁਰੂ ਜੀ ਨੇ ਹਦਾਇਤ ਕੀਤੀ ਕਿ ਜੋ ਵੀ ਸਿੱਖ, "ਗੁਰੂ" ਦੇ ਦਰਸ਼ਨ ਕਰਨੇ ਚਾਹੁੰਦਾ ਹੈ ਉਹ 'ਗ੍ਰੰਥ' ਜੀ ਦੇ ਦਰਸ਼ਨ ਕਰੇ ਅਤੇ ਜੋ ਵਿਅਕਤੀ 'ਗੁਰੂ' ਦੇ ਮੁਖ ਤੋਂ ਸ਼ਬਦ ਸੁਣਨਾ ਚਾਹੁੰਦਾ ਹੈ, ਉਹ 'ਗ੍ਰੰਥ' ਜੀ ਨੂੰ ਪੜ੍ਹੇ।

ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਹਾਜ਼ਰ ਸਿੱਖ ਸੰਗਤਾਂ ਨੂੰ ਪੁੱਛਿਆ ਕਿ 'ਗ੍ਰੰਥ' ਜੀ ਨੂੰ ਕਿਸ ਅਸਥਾਨ 'ਤੇ ਸੁਸ਼ੋਭਿਤ ਕੀਤਾ ਜਾਵੇ। ਬਾਬਾ ਬੁੱਢਾ ਜੀ ਨੇ ਝੱਟ ਉੱਤਰ ਦਿੱਤਾ ਕਿ ਆਪ ਤਾਂ ਸਰਬਦਰਸ਼ੀ ਹੋ, ਪਰ ਹਰਿਮੰਦਰ ਜੀ ਤੋਂ ਵੱਧ ਉਚਿਤ ਅਸਥਾਨ ਕਿਹੜਾ ਹੋ ਸਕਦਾ ਹੈ? ਇਹ ਸੁਣ ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ। ਆਖਰ ਫੈਸਲਾ ਹੋਇਆ ਕਿ ਰਾਤ ਰਾਮਸਰ ਵਿਖੇ ਹੀ ਠਹਿਰਾਇਆ ਜਾਵੇ ਤੇ ਅਗਲੇ ਭਲਕ 'ਗ੍ਰੰਥ' ਜੀ ਸਮੇਤ ਅੰਮ੍ਰਿਤਸਰ ਪਰਤਿਆ ਜਾਵੇ। 'ਗ੍ਰੰਥ' ਜੀ ਚੰਦੋਏ ਹੇਠ ਚੌਂਕੀ ਉੱਪਰ ਬਿਰਾਜਮਾਨ ਸਨ ਜਦਕਿ ਗੁਰੂ ਸਾਹਿਬ ਬਾਕੀ ਸੰਗਤ ਸਮੇਤ ਭੋਇੰ ਤੇ ਬਿਰਾਜੇ। ਸਾਰੀ ਰਾਤ ਗੁਰੂ ਸਾਹਿਬ ਇਹ ਸੋਚਦੇ ਰਹੇ ਕਿ 'ਗ੍ਰੰਥ' ਜੀ ਦੀ ਦੇਖ-ਭਾਲ ਦੀ ਸੌਂਪਣਾ ਕਿਸ ਨੂੰ ਕੀਤੀ ਜਾਵੇ? ਆਖਰ ਬਾਬਾ ਬੁੱਢਾ ਜੀ ਨੂੰ ਹੀ ਇਸ ਜ਼ਿੰਮੇਵਾਰੀ ਲਈ ਸਭ ਤੋਂ ਵਧੀਕ ਯੋਗ ਸਮਝਿਆ ਗਿਆ। 16-8-1604 ਈ. ਨੂੰ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਸਾਹਿਬ (ਸਮੇਤ ਹਾਜ਼ਰ ਸਿੱਖ ਸੰਗਤਾਂ ਦੇ) ਨੇ ਰਾਮਸਰ ਸਰੋਵਰ ਵਿੱਚ ਇਸ਼ਨਾਨ ਕੀਤਾ। ਆਸਾ ਦੀ ਵਾਰ ਦੇ ਗਾਇਨ ਉਪ੍ਰੰਤ ਸਮੂਹ ਸੰਗਤ ਨੂੰ ਅੰਮ੍ਰਿਤਸਰ ਵੱਲ ਰਵਾਨਾ ਹੋਣ ਦਾ ਆਦੇਸ਼ ਦਿੱਤਾ। ਬਾਬਾ ਬੁੱਢਾ ਜੀ ਨੇ 'ਗ੍ਰੰਥ' ਜੀ ਨੂੰ ਆਪਣੇ ਸਿਰ 'ਤੇ ਚੁੱਕ ਲਿਆ ਤੇ ਗੁਰੂ ਸਾਹਿਬ ਪਿੱਛੇ-ਪਿੱਛੇ ਚੌਰ ਕਰਦੇ ਤੁਰ ਪਏ। ਆਪ ਦੇ ਪਿੱਛੇ ਸਿੱਖ ਸੰਗਤਾਂ ਸ਼ਬਦ ਪੜ੍ਹਦੀਆਂ ਚਲ ਰਹੀਆਂ ਸਨ। ਇਸ ਤਰ੍ਹਾਂ ਗ੍ਰੰਥ ਜੀ ਨੂੰ ਪੂਰਨ ਸਨਮਾਨ ਨਾਲ, ਜਲੂਸ ਦੀ ਸ਼ਕਲ ਵਿੱਚ 'ਹਰਿਮੰਦਰ' ਜੀ ਵਿਖੇ ਪਹੁੰਚਾਇਆ। ਇਸ ਤਰ੍ਹਾਂ ਭਾਦੋਂ ਸੁਦੀ ਏਕਮ 1661 ਬਿ. 16 ਅਗਸਤ 1604 ਈ. (ਨਾਨਕਸ਼ਾਹੀ ਜੰਤਰੀ ਅਨੁਸਾਰ 17 ਭਾਦੋਂ) ਨੂੰ ਗ੍ਰੰਥ ਜੀ ਦਾ ਪ੍ਰਕਾਸ਼ ਹਰਿਮੰਦਰ ਜੀ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਮੁੱਖ ਵਾਕ ਲਿਆ ਜਦਕਿ ਗੁਰੂ ਅਰਜਨ ਸਾਹਿਬ ਪਿੱਛੇ ਖੜ੍ਹੇ ਚੌਰ ਕਰਦੇ ਰਹੇ। ਉਸ ਵਕਤ ਦਾ ਮੁੱਖ ਵਾਕ ਸੀ-

**ਸੰਤਾ ਕੇ ਕਾਰਜ ਆਪਿ ਖਲੋਇਆ**

**ਹਰਿ ਕੰਮੁ ਕਰਾਵਣਿ ਆਇਆ ਰਾਮ ॥** (ਪੰਨਾ 783)

ਉਪ੍ਰੰਤ ਗੁਰੂ ਅਰਜਨ ਸਾਹਿਬ ਨੇ ਆਦੇਸ਼ ਦਿੱਤਾ ਕਿ ਦਿਨ ਵਕਤ 'ਗ੍ਰੰਥ' ਜੀ 'ਹਰਿਮੰਦਰ' ਜੀ ਵਿਖੇ ਬਿਰਾਜਮਾਨ ਹੋਣਗੇ ਜਦਕਿ ਰਾਤ ਨੂੰ 'ਰਹਰਾਸਿ' ਦੇ ਗਾਇਨ ਉਪ੍ਰੰਤ ਉਨ੍ਹਾਂ (ਗੁਰੂ ਸਾਹਿਬ) ਦੇ ਕਮਰੇ ਜੋ ਕਿ ਗੁਰੂ ਕੇ ਮਹਿਲ ਵਿੱਚ ਸੀ, ਵਿਸ਼ਰਾਮ ਵਾਸਤੇ ਲਿਜਾਇਆ ਜਾਵੇਗਾ। ਯੋਜਨਾ ਅਨੁਸਾਰ 'ਰਹਰਾਸਿ' ਦੇ ਉਪ੍ਰੰਤ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ 'ਗ੍ਰੰਥ' ਜੀ ਨੂੰ ਆਪਣੇ ਸਿਰ ਤੇ ਚੁੱਕ ਲਿਆ ਤੇ ਗੁਰੂ ਕੇ ਮਹਿਲ ਵੱਲ ਚੱਲ ਪਏ। ਗੁਰੂ ਸਾਹਿਬ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ-ਪਿੱਛੇ ਸ਼ਬਦ ਪੜ੍ਹਦੀ ਜਾ ਰਹੀ ਸੀ। ਗੁਰੂ ਕੇ ਮਹਿਲ ਪਹੁੰਚ ਕੇ, ਨਿਸ਼ਚਿਤ ਅਸਥਾਨ ਉੱਚ-ਆਸਨ 'ਤੇ ਗ੍ਰੰਥ ਜੀ ਨੂੰ ਰੱਖਿਆ ਗਿਆ ਜਦਕਿ ਗੁਰੂ ਅਰਜਨ ਸਾਹਿਬ ਆਪ ਜ਼ਮੀਨ 'ਤੇ ਸੁੱਤੇ। ਰੋਜ਼ਾਨਾ ਦਿਨ ਚੜ੍ਹਨ ਤੋਂ ਪਹਿਲਾਂ 'ਗ੍ਰੰਥ' ਜੀ ਨੂੰ ਪੂਰਨ ਸਨਮਾਨ ਨਾਲ 'ਹਰਿਮੰਦਰ' ਜੀ ਵਿਖੇ ਲਿਜਾ ਕੇ ਪ੍ਰਕਾਸ਼ ਕੀਤਾ ਜਾਂਦਾ ਤੇ ਸ਼ਾਮ ਨੂੰ ਵਿਸ਼ਰਾਮ ਲਈ ਗੁਰੂ ਕੇ ਮਹਿਲ ਲਿਜਾਇਆ ਜਾਂਦਾ। ਅੱਜ ਕੱਲ੍ਹ ਗ੍ਰੰਥ ਸਾਹਿਬ ਨੂੰ ਇਸੇ ਪਰੰਪਰਾ ਦੇ ਅਨੁਰੂਪ ਅਕਾਲ ਤਖਤ 'ਤੇ ਨਿਸ਼ਚਿਤ ਕਮਰੇ ਵਿੱਚ ਲਿਜਾਇਆ ਜਾਂਦਾ ਹੈ।

ਜਦ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ। ਗੁਰਦੁਆਰਾ ਤਾਂ ਹੀ ਗੁਰਦੁਆਰਾ ਹੈ ਜੇਕਰ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹਨ। ਗੁਰਦੁਆਰੇ ਦੀ ਇਮਾਰਤ ਵਿੱਚ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ। ਅੰਮ੍ਰਿਤ ਵੇਲੇ, ਪੂਰਨ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀਦਾ ਉਚ ਆਸਣ 'ਤੇ, ਚੰਦੋਏ ਹੇਠ, ਕੀਮਤੀ ਤੇ ਸਵੱਛ ਪੁਸ਼ਾਕ ਪਹਿਨਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ ਤੇ ਮੁੱਖ ਵਾਕ ਲਿਆ ਜਾਂਦਾ ਹੈ। ਸੰਗਤ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਇਕੱਤਰ ਹੁੰਦੀ ਹੈ। ਗ੍ਰੰਥੀ ਸਿੰਘ ਜਾਂ ਕੋਈ ਵੀ ਸਿੰਘ ਹਾਜ਼ਰ ਸੰਗਤ ਵਿੱਚ ਗੁਰੂ ਸਾਹਿਬ ਦੀ ਤਾਬਿਆ ਬੈਠ ਕੇ ਚੌਰ ਝੁਲਾਂਵਦਾ ਹੈ। ਰਾਗੀ ਸਿੰਘ ਕੀਰਤਨ

ਕਰਦੇ ਰਹਿੰਦੇ ਹਨ। ਸੰਗਤ ਆਉਂਦੀ ਤੇ ਨਮਸਕਾਰ ਕਰਕੇ ਬੈਠਦੀ ਜਾਂਦੀ ਹੈ। ਕੀਰਤਨ ਦੀ ਸਮਾਪਤੀ ਉਪਰੰਤ ਸਾਰੀ ਹਾਜ਼ਰ ਸੰਗਤ ਹੱਥ ਜੋੜ ਕੇ ਗੁਰੂ ਸਾਹਿਬਾਨ ਸਾਹਮਣੇ ਖੜ੍ਹ ਜਾਂਦੀ ਹੈ। ਗ੍ਰੰਥੀ ਸਿੰਘ ਜਾਂ ਸੰਗਤ 'ਚੋਂ ਕੋਈ ਵੀ ਸਿੰਘ ਅਰਦਾਸ ਕਰਦਾ ਹੈ। ਫਿਰ ਹੁਕਮ ਲਿਆ ਜਾਂਦਾ ਹੈ ਤੇ ਸਾਰੀ ਸੰਗਤ ਆਪੋ ਆਪਣੇ ਕੰਮਾਂ-ਕਾਰਾਂ ਵਿੱਚ ਲੱਗ ਜਾਂਦੀ ਹੈ। ਸ਼ਾਮ ਨੂੰ ਰਹਰਾਸਿ ਦੇ ਗਾਇਨ ਉਪ੍ਰੰਤ ਸੁਖ-ਆਸਣ ਕਰਕੇ ਵਿਸ਼ਰਾਮ ਲਈ ਗੁਰੂ ਸਾਹਿਬ ਨੂੰ ਨਿਸ਼ਚਿਤ ਜਗ੍ਹਾ 'ਤੇ ਲਿਜਾਇਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ ਪਰ ਇਸ ਵਿੱਚ ਕੇਵਲ ਇਕ ਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ। ਸਿੱਖ ਗੁਰੂ ਸਾਹਿਬਾਨ ਦੇ ਜ਼ਿਆਦਾਤਰ ਸ਼ਬਦ 15ਵੀਂ, 16ਵੀਂ, ਤੇ 17ਵੀਂ ਸਦੀ ਦੀ ਪੰਜਾਬੀ ਭਾਸ਼ਾ ਵਿੱਚ ਹਨ। ਹਿੰਦੂ ਭਗਤਾਂ ਤੇ ਮੁਸਲਮਾਨ ਸੂਫੀਆਂ ਦੀਆਂ ਰਚਨਾਵਾਂ 'ਚ ਹਿੰਦੀ, ਮਰਾਠੀ, ਗੁਜਰਾਤੀ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਜ਼ਿਆਦਾ ਵਰਤੋਂ ਕੀਤੀ ਗਈ ਹੈ। ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਨੂੰ 'ਸੰਤ ਭਾਸ਼ਾ' ਵੀ ਆਖਦੇ ਹਨ ਜੋ ਆਮ ਲੋਕਾਂ ਦੀ ਬੋਲੀ ਦੇ ਕਾਫੀ ਨੇੜੇ ਸੀ।

ਨਿਰਸੰਦੇਹ, ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ ਅਧਿਆਤਮਕ ਹੈ ਪਰ ਇਸ ਦੀ ਇਤਿਹਾਸਕ ਤੇ ਸਾਹਿਤਕ ਵਿਸ਼ੇਸ਼ਤਾ ਵੀ ਘੱਟ ਨਹੀਂ। ਬੇਸ਼ੱਕ ਇਸ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਨਹੀਂ ਦਿੱਤੇ ਗਏ ਤੇ ਨਾ ਹੀ ਉਸ ਵਕਤ ਦੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਵਸਥਾ ਦਾ ਸਿੱਧਾ ਉਲੇਖ ਹੈ। ਫਿਰ ਵੀ ਇਸ ਦੇ ਡੂੰਘੇ ਤੇ ਸੁਚੇਤ ਅਧਿਐਨ ਤੋਂ 16ਵੀਂ ਤੇ 17ਵੀਂ ਸਦੀ ਦੇ ਪੰਜਾਬੀ, ਭਾਰਤੀ ਸਮਾਜ ਦੀਆਂ ਸਮਾਜਿਕ, ਧਾਰਮਿਕ ਰਾਜਨੀਤਿਕ ਤੇ ਆਰਥਿਕ ਪ੍ਰਸਥਿਤੀਆਂ ਦਾ ਭਰਪੂਰ ਗਿਆਨ ਪ੍ਰਾਪਤ ਹੁੰਦਾ ਹੈ। ਸਾਹਿਤਕ ਤੇ ਸੰਗੀਤ ਕਲਾ ਦੇ ਪੱਖ ਤੋਂ ਵੀ ਇਹ ਆਪਣੇ ਆਪ ਵਿੱਚ ਇਕ ਸਰਵ-ਉੱਚ ਕਲਾ-ਕ੍ਰਿਤੀ ਹੈ। ਇਸ ਤੋਂ ਇਲਾਵਾ ਇਸ ਦਾ ਵਿਸ਼ਵ-ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ।

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਦੇਸ਼ ਵਿਦੇਸ਼ ਦੇ ਗੁਰੂ ਘਰਾਂ ਵਿਚ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਸਥਾਨ ਸ੍ਰੀ ਗੁਰੂ ਰਾਮਸਰ ਸਾਹਿਬ ਤੋਂ ਪ੍ਰਕਾਸ਼ ਸਥਾਨ ਸ੍ਰੀ ਹਰਿਮੰਦਰ ਸਾਹਿਬ ਤੱਕ ਪੁਰਾਤਨ ਪੰਥਕ ਰਵਾਇਤਾਂ ਅਨੁਸਾਰ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਵਾਰ ਲਗਭਗ 100 ਕੁਇੰਟਲ ਰੰਗ ਬਿਰੰਗੇ ਫੁੱਲ ਹਵਾਈ ਜਹਾਜ਼ਾਂ ਅਤੇ ਏ.ਸੀ. ਟਰੱਕਾਂ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆਂਦੇ ਗਏ। ਜਿਨ੍ਹਾਂ ਨੂੰ 300 ਤੋਂ ਵੱਧ ਵਿਸ਼ੇਸ਼ ਕਾਰੀਗਰਾਂ ਅਤੇ ਸੈਂਕੜੇ ਸਥਾਨਕ ਪ੍ਰੇਮੀ ਮਾਹਿਰ ਡਿਜ਼ਾਇਨਰਾਂ ਨੇ ਫੁੱਲਾਂ ਦੇ ਰੰਗਾਂ ਅਨੁਸਾਰ ਕੰਪਿਊਟਰ ਰਾਹੀਂ ਤਿਆਰ ਕਰਕੇ ਗੁਰੂ ਘਰ ਦਾ ਸਾਰਾ ਕੰਪਲੈਕਸ ਬਹੁਤ ਹੀ ਮਨਮੋਹਕ ਤਰੀਕੇ ਨਾਲ ਸ਼ਿੰਗਾਰਿਆ।

ਸ਼ਾਮ ਨੂੰ ਸਾਰੇ ਹੀ ਕੰਪਲੈਕਸ ਵਿਖੇ ਦੀਪਮਾਲਾ ਕੀਤੀ ਗਈ ਅਤੇ ਆਤਿਸ਼ਬਾਜ਼ੀ ਦਾ ਸੰਗਤਾਂ ਨੇ ਪਰਿਕਰਮਾਂ ਵਿਚ ਬੈਠ ਕੇ ਆਨੰਦ ਮਾਣਿਆ। ਇਸ ਸਾਰੇ ਪ੍ਰਸਾਰਨ ਦਾ ਸੰਗਤਾਂ ਨੇ ਪੀ.ਟੀ.ਸੀ. ਚੈਨਲ ਰਾਹੀਂ ਅਨੰਦ ਮਾਣਿਆ।


# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਵਿਅਰਥ ਮਾਨ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ

**ਗਰਬੁ ਬਡੋ ਮੂਲੁ ਇਤਨੋ ॥ ਰਹਨੁ ਨਹੀ ਗਹੁ ਕਿਤਨੇ ॥**

**(ਗਉੜੀ ਮ: ੫, ਅੰਗ ੨੧੨)**

ਇਕ ਦ੍ਰਿਸ਼ਟਾਂਤ ਹੈ ਕਿ ਇਕ ਘਸਿਆਰੇ ਲੜਕੇ ਨੂੰ ਬਾਦਸ਼ਾਹ ਨੇ ਕੋਲ ਰੱਖ ਲਿਆ। ਉਹ ਇੰਨਾ ਇਤਬਾਰੀ ਬਣ ਗਿਆ ਕਿ ਉਹ ਬਾਦਸ਼ਾਹ ਦਾ ਹਮ ਰਕਾਬ ਹੋ ਗਿਆ। ਅਖੀਰ ਬਾਦਸ਼ਾਹ ਨੇ ਉਸ ਨੂੰ ਆਪਣਾ ਮੁਤਬੰਨਾ ਬਣਾ ਕੇ ਫੈਸਲਾ ਕਰ ਲਿਆ ਕਿ ਰਾਜ ਗੱਦੀ ਏਸੇ ਨੂੰ ਦਿੱਤੀ ਜਾਵੇਗੀ। ਬਾਦਸ਼ਾਹ ਦੇ ਗੁਪਤਚਰ ਇਸਦਾ ਪੂਰਾ ਧਿਆਨ ਰੱਖਦੇ ਸਨ ਕਿ ਇਹ ਕੀ-ਕੀ ਕਰਦਾ ਹੈ। ਗੁਪਤਚਰਾਂ ਨੇ ਖ਼ਬਰ ਦਿੱਤੀ ਕਿ ਰਾਜਕੁਮਾਰ ਇਕ ਕਮਰੇ ਵਿਚ ਸਵੇਰੇ ਜਾਂਦਾ ਹੈ ਫਿਰ ਉਸਨੂੰ ਆਪ ਹੀ ਤਾਲਾ ਲਾ ਕੇ ਬੰਦ ਕਰਦਾ ਹੈ, ਚਾਬੀ ਦਾ ਵਿਸਾਹ ਨਹੀਂ ਖਾਂਦਾ। ਮੰਨ ਲਵੋ ਕਿ ਇਹ ਕੋਈ ਪੂਜਾ ਵੀ ਕਰਦਾ ਹੋਵੇ ਫਿਰ ਵੀ ਪੂਜਾ ਅਸਥਾਨ ਨੂੰ ਇਸ ਤਰ੍ਹਾਂ ਬੰਦ ਕਰਨ ਦਾ ਕੋਈ ਮਤਲਬ ਸਮਝ ਵਿਚ ਨਹੀਂ ਆ ਰਿਹਾ।



ਬਾਦਸ਼ਾਹ ਨੇ ਆਖਰ ਜਾਣਨਾ ਚਾਹਿਆ ਕਿ ਉਸ ਕਮਰੇ ਵਿਚ ਕੀ ਹੈ। ਉਸ ਬੱਚੇ ਨੇ ਕਿਹਾ, "ਤੁਸੀਂ ਮੇਰੇ ਨਾਲ ਹੀ ਆ ਜਾਵੋ ਤਾਂਕਿ ਅੱਖੀਂ ਵੇਖ ਲਵੋ। ਮੈਂ ਇਸ ਕਮਰੇ ਵਿਚ ਆਪਣੀ ਗਰੀਬੀ ਲੁਕਾਈ ਹੈ, ਕਿਉਂਕਿ ਹੁਣ ਮੈਂ ਬਾਦਸ਼ਾਹ ਦਾ ਮੁਤਬੰਨਾ ਹਾਂ। ਬਾਦਸ਼ਾਹ ਦੀ ਸ਼ਾਨ ਵਿਚ ਫਰਕ ਨਾ ਪਵੇ। ਪਰ ਗਰੀਬੀ ਨੂੰ ਸੰਭਾਲ ਕੇ ਤਾਂ ਰੱਖਿਆ ਹੈ ਕਿ ਮੇਰੀ ਜ਼ਿੰਦਗੀ ਦਾ ਤੁਆਜ਼ਨ ਕਾਇਮ ਰਹੇ। ਮੇਰੀ ਗਰੀਬੀ ਦੀ ਨਿਸ਼ਾਨੀ ਮੇਰੇ ਵਾਸਤੇ ਇਕ ਨਸੀਹਤ ਹੈ। ਮੈਨੂੰ ਤੁਸੀਂ ਏਡੀ ਵੱਡੀ ਸ਼ਕਤੀ ਦੇ ਰਹੇ ਹੋ ਮੈਂ ਇਸ ਨਸੀਹਤ ਦੇ ਆਸਰੇ ਇਕ ਤਾਂ ਹੰਕਾਰੀ ਨਹੀਂ ਹੋਵਾਂਗਾ ਅਤੇ ਗਰੀਬ ਮਾਰ ਨਹੀਂ ਕਰਾਂਗਾ।" ਬਾਦਸ਼ਾਹ ਨੇ ਪੁੱਛਿਆ ਕਿ ਆਖਰ ਹੈ ਕੀ। ਉਸ ਲੜਕੇ ਨੇ ਜਦੋਂ ਬਕਸਾ ਖੋਲ੍ਹਿਆ ਤਾਂ ਵਿਚ ਘਾਹ ਖੋਦਨ ਵਾਲਾ ਰੰਬਾ ਸੀ ਅਤੇ ਘਾਹ ਦੀ ਪੰਡ ਬੰਨ੍ਹਣ ਵਾਲੀ ਤਰੰਗੜੀ ਰੱਸੀਆਂ ਦੀ ਬਣੀ ਹੋਈ ਜਾਲੀ ਸੀ।

ਉਸ ਬੱਚੇ ਨੇ ਕਿਹਾ, "ਪਿਤਾ ਜੀ! ਮੇਰੇ ਖਿਆਲ ਵਿਚ ਬੰਦੇ ਨੂੰ ਹਰ ਹਾਲਤ ਵਿਚ ਆਪਣਾ ਪਿੱਛਾ ਯਾਦ ਰੱਖਣਾ ਚਾਹੀਦਾ ਹੈ। ਜੇ ਉਹ ਬਾਦਸ਼ਾਹ ਦਾ ਪੁੱਤਰ ਹੈ ਤਾਂ ਵੀ ਯਾਦ ਰੱਖੇ ਕਿ ਮੈਂ ਕਪੁੱਤਰ ਨਹੀਂ ਬਣਨਾ। ਮੈਂ ਰਾਜ ਵਧਾਉਣਾ ਹੈ, ਮੈਂ ਪਰਜਾ ਦੀ ਸੇਵਾ ਕਰਨੀ ਹੈ ਅਤੇ ਪਰਜਾ ਤੋਂ ਬਦਦੁਆਵਾਂ ਨਹੀਂ ਲੈਣੀਆਂ। ਅਸੀਸਾਂ ਲੈਣੀਆਂ ਹਨ। ਤੇ ਜੇ, ਕੰਗਾਲ ਤੋਂ ਰਾਜਾ ਬਣਿਆ ਹੈ ਤਾਂ ਯਾਦ ਰੱਖੇ ਕਿ ਜਿਸ ਪ੍ਰਮਾਤਮਾ ਨੇ ਮੈਨੂੰ ਪੈਰਾਂ ਵਿਚ ਰੁਲਦੇ ਨੂੰ ਤਖ਼ਤ ਤੇ ਬਿਠਾਇਆ ਹੈ ਮੈਂ ਉਸ ਨੂੰ ਕਦੀ ਨਾ ਭੁਲਾਵਾਂ, ਹਮੇਸ਼ਾ ਉਸ ਦਾ ਸ਼ੁਕਰਾਨਾ ਕਰਦਾ ਰਹਾਂ। ਪਰ ਅਜਿਹੀ ਉਮੀਦ ਕਿਸੇ ਦਾਨਾਂ ਤੋਂ ਹੋ ਸਕਦੀ ਹੈ ਨਾਦਾਨ ਤੋਂ ਨਹੀਂ, ਇਕ ਅਦੀਬ ਨੇ ਕਿਤਨਾ ਖ਼ੂਬ ਕਿਹਾ ਹੈ -

**ਹਰ ਹਾਲ ਮੇ ਨੇਕ ਵ ਬਦ ਕੀ ਪਹਿਚਾਨ ਰਹੇ।**<br>
**ਇਨਸਾਂ ਬਡਾ ਬਨਕਰ ਭਈ ਇਨਸਾਂ ਰਹੇ।**<br>
**ਕਿਸੀ ਦਾਨਾਂ ਸੇ ਹੋ ਸਕਤੀ ਹੈ ਯੇ ਉਮੀਦ।**<br>
**ਨਾਦਾਂ ਕੋ ਉਲਟੋ ਤੋ ਭਈ ਨਾਦਾਂ ਰਹੇ।**

ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜੀਵ! ਤੂੰ ਆਪਣਾ ਪਿਛੋਕੜ ਵੇਖ ਕਿ ਤੇਰਾ ਮੂਲ ਕੀ ਹੈ।

**ਕਵਨ ਮੂਲੁ ਪ੍ਰਾਨੀ ਕਾ ਕਹੀਐ, ਕਵਨ ਰਊਫ ਦ੍ਰਿਸਟਾਨਿਓ।**

**(ਸਾਰਗ ਮ: ੫, ਅੰਗ ੧੨੧੬)**

ਹੇ ਪ੍ਰਮਾਤਮਾ ਇਹ ਤੁਹਾਡਾ ਪ੍ਰਤਾਪ ਹੈ ਨਹੀਂ ਤਾਂ ਮੈਂ ਅਨਾਥ ਜੀਵ ਹਾਂ ਮੇਰੀ ਕੀ ਤਾਕਤ ਹੈ।

**ਪ੍ਰਭ ਜੀ ਮੋਹਿ ਕਵਨੁ ਅਨਾਥ ਵਿਚਾਰਾ ॥**<br>
**ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪ ਤੁਹਾਰਾ ॥**

**(ਸਾਰਗ ਮ: ੫, ਅੰਗ ੧੨੨੦)**

ਹੇ ਪ੍ਰਾਣੀ! ਪ੍ਰਮਾਤਮਾ ਦੇ ਗੁਣ ਉਸਦੇ ਉਪਕਾਰ ਚੇਤੇ ਕਰ, ਵੇਖ ਤੇਰਾ ਮੂਲ ਕੀ ਹੈ ਤੇ ਤੈਨੂੰ ਕਿੰਨਾ ਸੁੰਦਰ ਬਣਾ ਕੇ ਵਿਖਾ ਦਿੱਤਾ ਹੈ। ਇਹ ਤੇਰੇ ਸਦਕਾ ਨਹੀਂ ਇਹ ਪ੍ਰਮਾਤਮਾ ਦੇ ਗੁਣਾਂ ਸਦਕਾ ਹੈ।

**ਰਮਈਆ ਕੇ ਗੁਨ ਚੇਤ ਪਰਾਨੀ।**<br>
**ਕਵਨ ਮੂਲ ਤੇ ਕਵਨ ਦ੍ਰਿਸਟਾਨੀ।**

ਭਾਈ ਗੁਰਦਾਸ ਜੀ ਇਸ ਜੀਵ ਦੀ ਅਕ੍ਰਿਤਘਣਤਾ ਅਤੇ ਉਸ ਮਾਲਕ ਦੀ ਮਿਹਰਬਾਨੀ ਨੂੰ ਇਕ ਪਉੜੀ ਵਿਚ ਇਸ ਤਰ੍ਹਾਂ

ਲਿਖਦੇ ਹਨ।

**ਮਾਨਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ।**
**ਪਾਣੀ ਦਾ ਕਰਿ ਪੁਤਲਾ ਉਡੈ ਨਾ ਪਉਣੁ ਖੁਲੇ ਦਸ ਦੁਆਰਾ।**
**ਅਗਨਿ ਕੁੰਡ ਵਿਚ ਰਖਿਅਨਿ ਨਰਕ ਘੋਰ ਮਹਿ ਉਦਰੁ ਮੰਝਾਰਾ।**
**ਕਰੈ ਉਰਧ ਤਪੁ ਗਰਭ ਵਿਚਿ ਚਸਾ ਨਾ ਵਿਸਰੇ ਸਿਰਜਣਹਾਰਾ।**
**ਦਸੀ ਮਹੀਨੀ ਜੰਮਿਆ ਸਿਮਰਣ ਕਰੀ ਕਰੇ ਨਿਸਤਾਰਾ।**
**ਜੰਮਦੇ ਮਾਇਆ ਮੋਹਿਆ ਨਦਰਿ ਨਾ ਆਵੈ ਰਖਣਹਾਰਾ।**
**ਸਾਹੋ ਵਿਛੁੜਿਆ ਵਣਜਾਰਾ।**

(**ਵਾਰ ੩੭, ਪਉੜੀ ॥੬॥**)

ਮਨੁੱਖ ਨੂੰ ਜਨਮ ਤੋਂ ਪਹਿਲੇ ਦੀ ਆਪਣੀ ਅਸਮਰਥਾ ਦਾ ਅਨੁਭਵ ਹੋ ਜਾਵੇ ਜਾਂ ਫਿਰ ਮਰਨ ਤੋਂ ਬਾਅਦ ਸਰੀਰ ਦੀ ਉਡਦੀ ਰਾਖ ਨਜ਼ਰ ਆ ਜਾਵੇ ਤਾਂ ਜਨਮ ਸੰਵਰ ਸਕਦਾ ਹੈ। ਪਰ ਇਹ ਅਨੁਭਵ ਜੀਉਂਦੇ ਜੀ ਹੀ ਹੋ ਜਾਵੇ ਤਾਂ ਕੁਝ ਸੰਵਰ ਸਕਦਾ ਹੈ। ਜੋ ਕਰਨਾ ਹੈ ਜੀਉਂਦੇ ਹੀ ਕਰਨਾ ਹੈ। ਅਜਿਹਾ ਖਿਆਲ ਹਾਨੀਕਾਰਕ ਹੈ ਕਿ ਮੈਂ ਮਰ ਕੇ ਕੁਝ ਕਰ ਲਵਾਂਗਾ। ਜਿਹੜਾ ਕੰਮ ਮੈਂ ਜਿਉਂਦਾ ਨਹੀਂ ਕਰ ਸਕਿਆ ਮੈਂ ਉਸ ਨੂੰ ਮਰਨ ਤੋਂ ਬਾਅਦ ਕਿਵੇਂ ਕਰ ਲਵਾਂਗਾ। ਜਨਮ ਦਾ ਅਨੁਭਵ ਅਤੇ ਮੌਤ ਦਾ ਅਨੁਭਵ ਜੀਉਂਦਿਆਂ ਹੀ ਕਰਨਾ ਹੈ। ਪਰ ਅਸੀਂ ਤਾਂ ਕਈਆਂ ਜਨਮਾਂ ਦੀਆਂ ਆਸਾਂ ਤੇ ਇਹ ਜਨਮ ਵੀ ਗੁਆ ਬੈਠਦੇ ਹਾਂ। ਅਸਲ ਵਿਚ ਜਿਨ੍ਹਾਂ ਮਹਾਂਪੁਰਖਾਂ ਨੇ ਕਿਹਾ ਸੀ ਕਿ ਆਵਾਗਉਣ ਕੋਈ ਨਹੀਂ ਇਕੋ ਹੀ ਜਨਮ ਹੈ ਉਨ੍ਹਾਂ ਦਾ ਵੀ ਅੰਦਰੋਂ ਭਾਵ ਸੀ ਕਿ ਮਨੁੱਖ ਸਮਝ ਲਵੇ ਕਿ ਮੈਨੂੰ ਅਮੋਲਕ ਸਮਾਂ ਮਿਲਿਆ ਹੈ ਮੈਂ ਇਸ ਨੂੰ ਗਵਾਵਾਂ ਨਾ। ਮੈਂ ਪੂਰੇ ਪ੍ਰਾਣ ਲਾ ਕੇ ਸਾਧਨਾ ਕਰਨੀ ਸ਼ੁਰੂ ਕਰ ਦਿਆਂ। ਜਿਨ੍ਹਾਂ ਮਹਾਂਪੁਰਖਾਂ ਨੇ ਕਿਹਾ ਸੀ ਬੇਅੰਤ ਜਨਮ ਹਨ ਉਨ੍ਹਾਂ ਦਾ ਭਾਵ ਸੀ ਜੇ ਤੂੰ ਹੁਣ ਕੁਝ ਨਾ ਕੀਤਾ ਤਾਂ ਫਿਰ ਭਟਕ ਜਾਵੇਂਗਾ ਫਿਰ ਕਦੋਂ ਤੈਨੂੰ ਮਨੁੱਖਾ ਜਨਮ ਮਿਲੇਗਾ। ਉਨ੍ਹਾਂ ਦਾ ਵੀ ਭਾਵ ਇਹੀ ਸੀ ਕਿ ਮਨੁੱਖ ਸਮਾਂ ਨਾ ਗਵਾਵੇ ਤੇ ਸਾਧਨਾ ਵਾਲੇ ਪਾਸੇ ਚੱਲ ਪਵੇ। ਪਰ ਜਿਨ੍ਹਾਂ ਨੇ ਸੌਣਾ ਹੈ ਉਨ੍ਹਾਂ ਨੂੰ ਕਿੰਨੀਆਂ ਆਵਾਜ਼ਾਂ ਮਾਰੋ ਉਹ ਫਿਰ ਸੌਂ ਜਾਂਦੇ ਹਨ। ਜਿਨ੍ਹਾਂ ਨੇ ਭਟਕਣਾ ਹੈ ਉਨ੍ਹਾਂ ਨੂੰ ਬੇਸ਼ੱਕ ਕਿੰਨਾ ਸਮਝਾਉ ਰਸਤੇ ਦਾ ਨਕਸ਼ਾ ਹੱਥ ਵਿਚ ਫੜਾ ਦਿਉ ਪਰ ਜਿਨ੍ਹਾਂ ਦੀ ਭਟਕਣ ਦੀ ਆਦਤ ਬਣ ਗਈ ਹੈ ਉਨ੍ਹਾਂ ਨੇ ਭਟਕ ਹੀ ਜਾਣਾ ਹੈ। ਗੱਲ ਅਸੀਂ ਮਹਾਂਪੁਰਖਾਂ ਦੀ ਸੁਣਦੇ ਹਾਂ ਪਰ ਅਰਥ ਅਸੀਂ ਆਪਣੇ ਹੀ ਕੱਢਦੇ ਹਾਂ।

ਜਿਨ੍ਹਾਂ ਨੇ ਇਹ ਸੁਣਿਆ ਕਿ ਇਕੋ ਹੀ ਜਨਮ ਹੈ ਉਹ ਸਾਧਨਾ ਵੱਲ ਤਾਂ ਨਾ ਲੱਗੇ। ਨਾ ਉਨ੍ਹਾਂ ਨੇ ਨਾਮ ਜਪਿਆ ਅਤੇ ਨਾ ਹੀ ਉਨ੍ਹਾਂ ਨੇ ਸੇਵਾ ਕੀਤੀ ਸਗੋਂ ਉਨ੍ਹਾਂ ਨੇ ਕਿਹਾ ਸੀ –

**ਰੂਜ਼ੇ ਨੌ ਬਹਾਰੋ ਮੈ ਦਿਲਬਰ ਖੁਸ਼ ਅਸਤ।**
**ਬਾਬਰ ਬਾ ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ।**(**ਬਾਬਰ**)

ਖਾਉ ਪੀਉ ਐਸ਼ ਕਰੋ ਇਸ ਦੁਨੀਆਂ ਵਿਚ ਦੁਬਾਰਾ ਨਹੀਂ ਆਉਣਾ। ਜਿਨ੍ਹਾਂ ਨੇ ਇਹ ਸੁਣ ਲਿਆ ਕਿ ਬੇਅੰਤ ਜਨਮ ਹਨ ਉਨ੍ਹਾਂ ਕਿਹਾ ਛੇਤੀ ਕਾਹਦੀ ਹੈ ਹੁਣ ਮੌਜ ਕਰੋ ਅਗਲੇ ਜਨਮ ਵਿਚ ਸਾਧਨਾ ਕਰ ਲਵਾਂਗੇ। ਨਾਲੇ ਇਹ ਸਿਮਰਨ ਭਜਨ ਕੋਈ ਇਕ ਜਨਮ ਦਾ ਕੰਮ ਥੋੜ੍ਹਾ ਹੈ। ਇਥੇ ਤਾਂ ਬੇਅੰਤ ਜਨਮ ਲੱਗ ਜਾਂਦੇ ਹਨ। ਇਹੀ ਕਾਰਨ ਹੈ ਕਿ ਯੋਰਪ ਦੌੜ ਤਾਂ ਰਿਹਾ ਹੈ ਪਰ ਪਦਾਰਥਾਂ ਦੇ ਪਿੱਛੇ ਰਸਾਂ–ਕਸਾਂ ਦੇ ਪਿੱਛੇ। ਕਿਉਂਕਿ ਉਨ੍ਹਾਂ ਨੂੰ ਪੈਗੰਬਰ ਨੇ ਸਮਝਾਇਆ ਹੈ ਕਿ ਇਕੋ ਜਨਮ ਹੈ। ਪੈਗੰਬਰ ਦਾ ਭਾਵ ਤਾਂ ਸਮਝਿਆ ਹੀ ਨਹੀਂ। ਅਸੀਂ ਥੋੜ੍ਹੇ ਢਿੱਲੇ ਹਾਂ ਸਾਨੂੰ ਸਮਝਾਇਆ ਗਿਆ ਹੈ ਸਾਧੂ ਛੇਤੀ ਨਹੀਂ ਤੁਰਦਾ, ਦੌੜਦਾ ਸਾਧੂ ਮਿਲ ਜਾਏ ਤਾਂ ਉਹ ਸਾਧੂ ਨਹੀਂ ਉਹ ਤਾਂ ਸ਼ੈਤਾਨ ਜਾਪੇਗਾ। ਸਾਧੂ ਤਾਂ ਬਰਾਤੀਆਂ ਦੀ ਚਾਲੇ ਚੱਲਦਾ ਹੋਵੇ ਕਿਉਂਕਿ ਬੇਅੰਤ ਜਨਮ ਹਨ ਬੇਅੰਤ ਸਮਾਂ ਹੈ ਛੇਤੀ ਵਾਲੀ ਕੋਈ ਗੱਲ ਨਹੀਂ ਇਹੀ ਕਾਰਨ ਹੈ ਕਿ ਜਿਹੜੀ ਟਰੇਨ ਠੀਕ ਟਾਈਮ ਸਿਰ ਆ ਜਾਵੇ ਉਸ ਬਾਰੇ ਪਤਾ ਲੱਗਦਾ ਹੈ ਕਿ ਇਹ ਪੂਰੇ ਹੀ ਚੌਵੀ ਘੰਟੇ ਲੇਟ ਹੈ। ਇਹ ਟਰੇਨ ਅੱਜ ਦੀ ਨਹੀਂ ਇਹ ਕੱਲ੍ਹ ਦੀ ਹੈ। ਜਿਹੜਾ ਕੱਲ੍ਹ ਬੀਤ ਚੁੱਕਾ ਹੈ ਸਾਡੇ ਪਾਸ ਉਪਦੇਸ਼ ਅਜਿਹੇ ਹਨ ਕਿ ਜਿਹੜਾ ਕੰਮ ਕੱਲ੍ਹ ਕਰਨਾ ਹੈ ਉਸ ਨੂੰ ਅੱਜ ਹੀ ਕਰ। ਪਰ ਅੱਜ ਦਾ ਕੰਮ ਅਸੀਂ ਕੱਲ੍ਹ ਵੀ ਕਰ ਲਈਏ ਤਾਂ ਧੰਨ ਭਾਗ ਹਨ। ਅਸੀਂ ਤਾਂ ਅੱਜ ਦਾ ਕੰਮ ਅਗਲੇ ਜਨਮ ਤੇ ਹੀ ਛੱਡਦੇ ਹਾਂ। ਉਸ ਜਨਮ ਬਾਰੇ ਇਹ ਵੀ ਪਤਾ ਨਹੀਂ ਕਿੱਥੇ ਹੋਵੇਗਾ ਤੇ ਕੀ ਹੋਵਾਂਗੇ।

ਕੋਈ ਸੱਜਣ ਜਿਹੜਾ ਟਾਈਮ ਦਿੰਦਾ ਹੈ ਉਸ ਤੋਂ ਦੋ ਚਾਰ ਘੰਟੇ ਲੇਟ ਹੋ ਜਾਣਾ ਮਾਮੂਲੀ ਗੱਲ ਹੈ। ਵੱਡਾ ਬੰਦਾ ਸਮਝਿਆ ਹੀ ਉਸਨੂੰ ਜਾਂਦਾ ਹੈ ਜਿਸ ਨੂੰ ਖਲਕਤ ਉਡੀਕਦੀ ਰਹੇ। ਅਕਸਰ ਲੀਡਰ ਅਜਿਹਾ ਹੀ ਕਰਦੇ ਹਨ, ਪਬਲਿਕ ਨੂੰ ਸਮਾਂ ਸਵੇਰ ਦਾ ਦਿੱਤਾ ਹੈ ਪਰ ਨੇਤਾ ਜੀ ਸ਼ਾਮ ਨੂੰ ਆ ਪਹੁੰਚਣਗੇ। ਅਸੀਂ ਉਪਦੇਸ਼ ਦਾ ਗਲਤ ਅਰਥ ਕੱਢ ਲਿਆ ਹੈ। ਬੇਅੰਤ ਜਨਮ ਦੀ ਧਾਰਨਾ ਨੇ ਸਾਨੂੰ ਸਾਧਨਾ ਵੱਲ ਲਾਉਣਾ ਸੀ ਪਰ ਅਸੀਂ ਉਲਟ ਅਰਥ ਕਰਨ ਕਰਕੇ ਮਹਾਨ ਆਲਸੀ ਹੋ ਗਏ ਹਾਂ। ਹੱਥ ਤੇ ਹੱਥ ਧਰ ਕੇ ਬੈਠ ਗਏ ਹਾਂ।

ਅਸੀਂ ਮੂਲ ਨੂੰ ਵੇਖਣਾ ਸੀ ਤੇ ਆਪਣੀ ਹਸਤੀ ਦੀ ਪਹਿਚਾਣ ਕਰਨੀ ਸੀ। ਮਹਾਂਪੁਰਖਾਂ ਦੇ ਬਚਨਾਂ ਨੂੰ ਸੁਣੀਏ ਤੇ ਉਸੇ ਆਸ਼ੇ ਅਨੁਸਾਰ ਉਨ੍ਹਾਂ ਕਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਇਹ ਪ੍ਰੇਰਨਾ ਦਿੰਦੇ ਹਨ ਕਿ ਤੇਰਾ ਜੀਵਨ ਅੱਜ ਹੈ। ਪਿਛਲਾ ਮੂਲ ਵੇਖੇ ਤਾਂ ਤੂੰ ਸਮਝ ਸਕਦਾ ਹੈ। ਜੇ ਫਿਰ ਪਿੱਛੇ ਜਾਏਂ ਤਾਂ ਤੇਰੀ ਕੀ ਹਸਤੀ ਬਚਦੀ ਹੈ। ਜੇ ਅੱਗੇ ਜਾਏਂ ਤਾਂ ਸਰੀਰ ਦੀ ਖਾਕ ਹੀ ਉਡਦੀ ਨਜ਼ਰ ਆਏਗੀ।

ਤੂੰ ਮੂਲ ਵੇਖ ਲਵੇਂ ਤਾਂ ਪ੍ਰਮਾਤਮਾ ਦਾ ਪ੍ਰਤਾਪ ਨਜ਼ਰ ਆਏਗਾ। ਜੇ ਉਸਦਾ ਪ੍ਰਤਾਪ ਨਜ਼ਰ ਆ ਗਿਆ ਤਾਂ ਤੇਰਾ ਹਉਮੈ ਦਾ ਤਾਪ ਉਤਰ ਜਾਏਗਾ। ਹਉਮੈ ਦੇ ਤਾਪ ਦੇ ਕਾਰਨ ਜਿਹੜੇ ਜਮਦੂਤ ਤੇਰੇ ਲਈ ਸਹਿਮ ਦਾ ਕਾਰਨ ਬਣੇ ਹਨ, ਉਹ ਵੀ ਤੈਨੂੰ ਛੱਡ ਜਾਣਗੇ। ਤੇ ਤੂੰ ਮਾਲਕ ਦੇ ਪ੍ਰਤਾਪ ਦੀ ਵਡਿਆਈ ਕਰਦਾ ਉਸ ਪ੍ਰਮਾਤਮਾ ਵਿਚ ਹੀ ਲੀਣ ਹੋ ਜਾਏਂਗਾ।

ਧੰਨ ਭਾਗ ਹੋਣਗੇ ਜੇ ਸਾਨੂੰ ਆਪਣੀ ਨਾਸ਼ਮਾਨਤਾ ਤੇ ਪ੍ਰਮਾਤਮਾ ਦੀ ਸਦਾ ਰਹਿਣ ਵਾਲੀ ਹਸਤੀ ਦਾ ਅਨੁਭਵ ਹੋ ਜਾਏ। ਪਰ ਇਹ ਪ੍ਰੇਰਣਾ ਤਾਂ ਹੀ ਮਿਲੇਗੀ ਜੇ ਬਹੀਐ ਪੜਿਆ ਪਾਸਿ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਸਤੰਬਰ ਮਹੀਨੇ ਦੀ ਕਾਰਗੁਜਾਰੀ ਦੀ ਰਿਪੋਰਟ

**ਓ.ਬੀ.ਸੀ. ਰਿਜ਼ਵੇਸ਼ਨ** :- ਪੰਜਾਬ ਇੰਜੀਨੀਅਰਿੰਗ ਕਾਲਜ ਡੀਮਡ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਰਿਜ਼ਰਵੇਸ਼ਨ ਬਾਰੇ ਜੋ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿਟ ਨੰ- 7508 ਆਫ 2018 ਦਾ ਫੈਸਲਾ 10 ਸਤੰਬਰ 2018 ਨੂੰ ਸੁਣਾਇਆ ਗਿਆ ਸੀ, ਉਸ ਵਿੱਚ ਇਹ ਰਿਟ ਡਿਸਮਿਸ ਕਰ ਦਿੱਤੀ ਗਈ ਸੀ। ਇਸ ਰਿਟ ਦੇ ਫੈਸਲੇ ਤੋਂ ਬਾਅਦ ਓ.ਬੀ.ਸੀ. ਸਮਾਜ ਨੇ ਚੰਡੀਗੜ੍ਹ ਸਥਿਤ ਗੁਜਰ ਭਵਨ ਵਿੱਚ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਸਾਰੇ ਓ.ਬੀ.ਸੀ. ਸਮਾਜ ਦੇ ਭਵਨਾਂ ਦੇ ਅਹੁਦੇਦਾਰ, ਦੋ-ਤਿੰਨ ਵਕੀਲ ਅਤੇ ਯੂਨੀਵਰਸਿਟੀ ਵਿਚ ਕੰਮ ਕਰਨ ਵਾਲੇ ਪ੍ਰੋਫੈਸਰ ਆਦਿ ਨੇ ਭਾਗ ਲਿਆ ਸੀ। ਇਸ ਸਾਰੇ ਮਾਮਲੇ ਨੂੰ ਬਹੁਤ ਡਿਟੇਲ ਵਿੱਚ ਡਿਸਕਸ ਕੀਤਾ ਗਿਆ ਸੀ। ਸਭ ਦੀ ਇੱਕ ਸਲਾਹ ਸੀ ਕਿ ਇਹ ਓ.ਬੀ.ਸੀ. ਸਮਾਜ ਨਾਲ ਧੱਕਾ ਹੋ ਰਿਹਾ ਹੈ, ਕਿਉਂਕਿ ਹਰ ਸਾਲ ਸਾਰੇ ਕੋਰਸਾਂ ਵਿਚ 200 ਸੀਟਾਂ ਦੀ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ। ਭਾਰਤ ਦੇ ਸੰਵਿਧਾਨ ਮੁਤਾਬਿਕ ਇਹ ਰਿਜ਼ਰਵੇਸ਼ਨ ਬਣਦੀ ਹੈ। ਸਭ ਨੇ ਫੈਸਲਾ ਕੀਤਾ ਕਿ ਇਸ ਮਾਨਯੋਗ ਹਾਈ ਕੋਰਟ ਦੇ ਫੈਸਲੇ ਖਿਲਾਫ ਮਾਨਯੋਗ ਸੁਪਰੀਮ ਕੋਰਟ ਵਿੱਚ ਅਪੀਲ ਕਰਨੀ ਚਾਹੀਦੀ ਹੈ। ਵਕੀਲਾਂ ਦੀ ਵੀ ਇਹ ਸਲਾਹ ਸੀ ਕਿ ਅਪੀਲ ਜ਼ਰੂਰ ਕਰਨੀ ਚਾਹੀਦੀ ਹੈ ਨਹੀਂ ਤਾਂ ਓ.ਬੀ.ਸੀ. ਸਮਾਜ ਦੇ ਬੱਚਿਆਂ ਨਾਲ ਬਹੁਤ ਵੱਡੀ ਬੇਇਨਸਾਫੀ ਹੋਵੇਗੀ। ਅਖੀਰ ਵਿੱਚ ਮੀਟਿੰਗ ਵਿਚ ਫੈਸਲਾ ਹੋ ਗਿਆ ਕਿ ਇਸ ਫੈਸਲੇ ਦੇ ਖਿਲਾਫ ਅਪੀਲ ਕੀਤੀ ਜਾਵੇਗੀ ਅਤੇ ਜੋ ਵੀ ਖਰਚਾ ਆਵੇਗਾ ਸਾਰੇ ਸਮਾਜ ਦੇ ਭਵਨ ਸਹਾਇਤਾ ਕਰਨਗੇ। ਦੋ ਭਵਨਾਂ ਨੇ ਆਪਣਾ ਬਣਦਾ ਹਿੱਸਾ ਉਸੇ ਦਿਨ ਹੀ ਜਮ੍ਹਾਂ ਕਰਵਾ ਦਿੱਤਾ ਸੀ।

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਕੋਈ ਵੀ ਨੁਮਾਇੰਦਾ ਇਸ ਮੀਟਿੰਗ ਵਿਚ ਨਹੀਂ ਜਾ ਸਕਿਆ ਕਿਉਂਕਿ ਪ੍ਰਧਾਨ ਜੀ ਭਾਰਤ ਤੋਂ ਬਾਹਰ (ਆਉਟ ਆਫ ਇੰਡੀਆ) ਗਏ ਹੋਏ ਸਨ। ਬਾਕੀ ਸਮਾਜ ਦੇ ਮੈਂਬਰਾਂ ਨੇ ਇਸ ਫੈਸਲੇ ਬਾਰੇ ਪ੍ਰਧਾਨ ਜੀ ਨੂੰ ਦੱਸ ਦਿੱਤਾ ਸੀ ਅਤੇ ਬੇਨਤੀ ਕੀਤੀ ਕਿ ਉਹ ਆਪਣੀ ਬਣਦੀ ਰਾਸ਼ੀ ਜਮ੍ਹਾਂ ਕਰਵਾ ਦੇਣ। 22-09-2018 ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਦੀ ਚਰਚਾ ਕੀਤੀ ਗਈ ਸੀ ਅਤੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਸੀ ਕਿ ਬਾਕੀ ਓ.ਬੀ.ਸੀ. ਸਮਾਜ ਨਾਲ ਮਿਲ ਕੇ ਇਹ ਕੇਸ ਲੜਿਆ ਜਾਵੇ ਅਤੇ ਜਿੰਨੀ ਰਾਸ਼ੀ ਬਣਦੀ ਹੈ ਸਾਂਝੀ ਕਮੇਟੀ ਨੂੰ ਭੇਜ ਦਿੱਤੀ ਜਾਵੇ।

**ਸਕਾਲਰਸ਼ਿਪ** :- "ਮੈਰਿਟ-ਕਮ-ਮੀਨਜ਼" ਸਕਾਲਰਸ਼ਿਪ ਬਾਰੇ ਸਾਰੀ ਸਕੀਮ ਦੀ ਡਿਟੇਲ ਅਤੇ ਫਾਰਮ ਦੀ ਕਾਪੀ ਜੁਲਾਈ, ਅਗਸਤ ਅਤੇ ਸਤੰਬਰ ਮਹੀਨੇ ਦੇ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਛਾਪ ਦਿੱਤੀ ਗਈ ਹੈ ਅਤੇ ਸਕੀਮ ਮੁਤਾਬਿਕ ਜਿਹੜੇ ਬੱਚੇ ਹਨ ਆਪਣੀਆਂ ਅਰਜ਼ੀਆਂ ਆਪਣੇ ਇਲਾਕੇ ਦੇ ਰਿਜ਼ਨਲ ਪ੍ਰਧਾਨ ਰਾਹੀਂ 31-10-2018 ਤੱਕ ਭੇਜ ਦੇਣ ਤਾਂ ਕਿ ਨਵੰਬਰ ਮਹੀਨੇ ਵਿੱਚ ਪੜਤਾਲ ਕਰਕੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾ ਸਕੇ। ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਸਕੀਮ ਮੁਤਾਬਿਕ ਸਾਰੇ ਪੇਪਰ ਅਰਜ਼ੀ ਦੇ ਨਾਲ ਭੇਜ ਦਿੱਤੇ ਜਾਣ ਅਤੇ ਪੇਪਰਾਂ ਦੇ ਨਾਲ ਵਿਦਿਆਰਥੀ ਆਪਣੇ ਬੈਂਕ ਅਕਾਉਂਟ ਦੀ ਪਾਸਬੁਕ ਦੀ ਫੋਟੋਕਾਪੀ ਸਮੇਤ ਆਈ.ਐਫ.ਐਸ.ਸੀ. ਕੋਡ ਜ਼ਰੂਰ ਭੇਜ ਦੇਣ ਤਾਂ ਜੋ ਅਸੀਂ ਸਿੱਧੇ

ਵਿਦਿਆਰਥੀਆਂ ਦੇ ਖਾਤੇ ਵਿੱਚ ਸਕਾਲਰਸ਼ਿਪ ਦੇ ਪੈਸੇ ਪਾ ਸਕੀਏ।

**ਕਾਨਫਰੈਂਸ ਹਾਲ** :- ਕਾਨਫਰੈਂਸ ਹਾਲ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਉਮੀਦ ਹੈ ਕਿ ਦੋ ਮਹੀਨਿਆਂ ਵਿੱਚ ਇਹ ਕੰਮ ਪੂਰਾ ਕਰ ਦਿੱਤਾ ਜਾਵੇਗਾ। ਕੈਪਟਨ ਜਸਵੰਤ ਸਿੰਘ ਜੀ ਸੀਨੀਅਰ ਵਾਇਸ ਪ੍ਰਧਾਨ ਨੇ ਪੁਰਾਣੀ ਬਿਲਡਿੰਗ ਵਿੱਚ ਕਮਰਾ ਨੰ.-1 ਦੀ ਰੈਨੋਵੇਸ਼ਨ ਵਾਸਤੇ ਵਾਇਦਾ ਕੀਤਾ ਸੀ ਅਤੇ ਕਿਹਾ ਸੀ ਕਿ ਇਸ ਦਾ ਸਾਰਾ ਖ਼ਰਚਾ ਉਹ ਆਪ ਹੀ ਕਰਨਗੇ। ਉਨ੍ਹਾਂ ਨੇ 10,000/- ਰੁ: ਵੀ ਜਮ੍ਹਾਂ ਕਰਾ ਦਿੱਤੇ ਹਨ। ਕਮਰਾ ਨੰ.-1 ਦੀ ਰੈਨੋਵੇਸ਼ਨ ਤਕਰੀਬਨ ਪੂਰੀ ਹੋ ਚੁੱਕੀ ਹੈ, ਜਿਸ ਉੱਪਰ ਤਕਰੀਬਨ 35,000/- ਰੁ: ਦਾ ਖ਼ਰਚ ਆਇਆ ਹੈ। ਕੈਪਟਨ ਸਾਹਿਬ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਬਾਕੀ ਪੈਸੇ ਵੀ ਜਮ੍ਹਾਂ ਕਰਵਾ ਦੇਣ। ਹੋਰ ਵੀ ਕਿਸੇ ਮੈਂਬਰ ਦੀ ਸ਼ਰਧਾ ਹੋਵੇ ਤਾਂ ਉਹ ਵੀ ਇਸ ਤਰ੍ਹਾਂ ਦੀ ਸੇਵਾ ਕਰਵਾ ਸਕਦਾ ਹੈ।

**''ਗੁਰੂ ਲਾਧੋ ਰੇ'' ਦਿਵਸ** :- ਵਰਕਿੰਗ ਕਮੇਟੀ ਦੀ ਮੀਟਿੰਗ ਜੋ ਕਿ ਮਿਤੀ 22-09-2018 ਨੂੰ ਹੋਈ ਸੀ ਇਸ ਵਿੱਚ ਫੈਸਲਾ ਕੀਤਾ ਗਿਆ ਸੀ ਕਿ ''ਗੁਰੂ ਲਾਧੋ ਰੇ'' ਦਿਵਸ ਪੂਰਾ ਧੂਮ-ਧਾਮ ਨਾਲ ਮਨਾਇਆ ਜਾਣਾ ਚਾਹੀਦਾ ਹੈ। ਇਸ ਤੇ ਖ਼ਰਚੇ ਵਾਸਤੇ ਸਾਰੇ ਹਾਜ਼ਰ ਮੈਂਬਰਾਂ ਨੇ ਆਪਣੀ ਸ਼ਰਧਾ ਮੁਤਾਬਿਕ ਸੇਵਾ ਲਿਖਾਈ ਸੀ। ਸਭ ਮੈਂਬਰਾਂ ਨੂੰ ਬੇਨਤੀ ਹੈ ਕਿ ਜੋ ਸੇਵਾ ਲਿਖਾਈ ਹੈ ਉਹ ਜਲਦੀ ਤੋਂ ਜਲਦੀ ਜਮ੍ਹਾਂ ਕਰਵਾ ਦਿੱਤੀ ਜਾਵੇ ਅਤੇ ਜੋ ਮੈਂਬਰ ਉਸ ਦਿਨ ਨਹੀਂ ਆ ਸਕੇ ਉਹ ਆਪਣੀ ਸੇਵਾ ਸ਼ਰਧਾ ਮੁਤਾਬਿਕ ਭੇਜ ਦੇਣ। ਕਾਰਜਕਰਨੀ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਇਸ ਸੇਵਾ ਵਿੱਚ ਸ਼ਰਧਾ ਮੁਤਾਬਿਕ ਜ਼ਰੂਰ ਹਿੱਸਾ ਪਾਉਣ ਅਤੇ ਆਪਣੇ ਜੀਵਨ ਦੀ ਕਮਾਈ ਸਫ਼ਲ ਕਰਨ।



**''ਗੁਰੂ ਲਾਧੋ ਰੇ ਦਿਵਸ''** ਨਰਾਇਣਗੜ੍ਹ-ਮਿਤੀ 23-09-2018 ਨੂੰ ਨਰਾਇਣਗੜ੍ਹ ਵਿਖੇ ਬੜੀ ਧੂਮ-ਧਾਮ ਨਾਲ 'ਗੁਰੂ ਲਾਧੋ ਰੇ ਦਿਵਸ' ਮਨਾਇਆ ਗਿਆ, ਜਿਸ ਵਿੱਚ ਪ੍ਰਧਾਨ ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਗੁਲਸ਼ਨ ਕੁਮਾਰ ਸਿੰਘ, ਮੀਤ ਪ੍ਰਧਾਨ ਬਲਵਿੰਦਰ ਸਿੰਘ ਮੁਲਤਾਨੀ, ਵਿੱਤ ਸਕੱਤਰ ਹਰਦਿਆਲ ਸਿੰਘ ਘੋਤੜਾ ਅਤੇ ਸ. ਚਰਨਜੀਤ ਸਿੰਘ

ਚੰਨੀ ਮੈਂਬਰਾਂ ਨੇ ਵੀ ਹਿੱਸਾ ਲਿਆ। ਇਸ ਦਿਨ ਹੀ ਪੰਜ ਪਿਆਰਿਆਂ ਦੀ ਅਗਵਾਹੀ ਵਿੱਚ 'ਗੁਰੂ ਲਾਧੋ ਰੇ ਭਵਨ' ਦਾ ਨੀਂਹ ਪੱਥਰ ਰੱਖਿਆ ਗਿਆ।



**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ, ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਪਰ ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਇਲਾਜ ਦਾ ਵੇਰਵਾ ਡਾਕਟਰ ਸਾਹਿਬ ਦੇ ਛੁੱਟੀ ਤੇ ਹੋਣ ਕਾਰਨ ਅਕਤੂਬਰ ਮਹੀਨੇ ਦੇ ਲੁਬਾਣਾ ਸੇਵਕ ਵਿੱਚ ਹੀ ਦਿੱਤਾ ਜਾਵੇਗਾ। ਸਤੰਬਰ ਮਹੀਨੇ ਦੇ ਡੈਂਟਲ ਚੈੱਕਅਪ ਅਤੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

1. **ਡੈਂਟਲ ਕਲੀਨਿਕ** -34

**ਮੈਡੀਕਲ ਕੈਂਪ ਬਾਰੇ** :-ਸਤੰਬਰ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 7 ਕੈਂਪ ਲਗਾਏ ਗਏ ਹਨ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ ਅਤੇ ਸਥਾਨ | ਮਰੀਜ਼ |
|---|---|---|
| 1. | 1-9-18 ਗੁਰਦੁਆਰਾ ਪੰਜ ਪੀਰ ਜੰਡੂ ਸਿੰਘ | 42 |
| 2. | 2-9-18 ਡੇਰਾ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਬੇਗੋਵਾਲ | 41 |
| 3. | 3-9-18 ਡੇਰਾ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਬੇਗੋਵਾਲ | 86 |
| 4. | 4-9-18 ਗੁਰਦੁਆਰਾ ਪੰਜ ਪੀਰ ਜੰਡੂ ਸਿੰਘ | 36 |
| 5. | 11-9-18 ਮਕਸੂਦਾਂ, ਜਲੰਧਰ | 45 |
| 6. | 17-9-18 ਗੁਰਦੁਆਰਾ ਸੰਤ ਪ੍ਰੇਮ ਸਿੰਘ ਨਗਰ, 66 ਫੁੱਟੀ ਰੋਡ, ਜਲੰਧਰ | 35 |
| 7. | 30-9-18 ਆਦਮਪੁਰ | 45 |

**ਸ. ਜਗੀਰ ਸਿੰਘ ਲਾਲੀਆ**

**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ, ਫਾਉਂਡੇਸ਼ਨ ਚੰਡੀਗੜ੍ਹ।**

# ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਸਹਿਜ ਮਾਰਗ ਦੀ ਲੋੜ



**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**

ਅੱਜ ਦੇ ਰਹਿਣ-ਸਹਿਣ ਵੱਲ ਨਿਗ੍ਹਾ ਮਾਰੀਏ ਤਾਂ ਅਜੋਕੀ ਜ਼ਿੰਦਗੀ ਵਿਚੋਂ ਆਪਸੀ ਭਾਈਚਾਰਕ ਸਾਂਝਾਂ, ਨਿਰਮਾਣਤਾ ਤੇ ਪਿਆਰ ਭਰੀਆਂ ਸੂਝਾਂ-ਬੂਝਾਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਜ਼ਿੰਦਗੀ ਦੀ ਤੇਜ਼-ਤਰਾਰ ਤੇ ਭੱਜ-ਦੌੜ ਭਰੀਆਂ ਰਾਹਾਂ ਤੇ ਲੋਭ ਤੇ ਮੋਹ ਭਰੀਆਂ ਨਿਗਾਹਾਂ ਵਾਲੀ ਸੋਚ ਨੇ ਨਿੱਘੇ ਰਿਸ਼ਤਿਆਂ ਨੂੰ ਵੀ ਦੂਰ ਖੜੋ ਕੇ ਤੱਕਣ ਲਈ ਮਜਬੂਰ ਕਰ ਦਿੱਤਾ ਹੈ। ਆਪਣੇ ਤੇ ਆਪਣਿਆਂ ਲਈ ਲੋਭ ਭਰੀਆਂ ਵਸਤਾਂ ਭਾਲਦਾ ਇਨਸਾਨ ਆਪਣੇ ਕਰੀਬੀ ਤੇ ਦਿਲੀ ਸਾਂਝ ਵਾਲੇ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ ਤੇ ਇਨ੍ਹਾਂ ਰਿਸ਼ਤਿਆਂ ਨੂੰ ਪੈਰਾਂ ਹੇਠ ਮਧੋਲਦਾ ਅੱਗੇ ਵਧਦਾ ਜਾ ਰਿਹਾ ਹੈ।

ਅੱਜ ਨਿਮਰਤਾ, ਸਹਿਣਸ਼ੀਲਤਾ ਤਾਂ ਮਨੁੱਖੀ ਜਾਮੇ 'ਚੋਂ ਮਨਫੀ ਹੀ ਹੁੰਦੇ ਜਾ ਰਹੇ ਹਨ। ਚੋਰ-ਮੋਰੀ, ਠੱਗੀ-ਯਾਰੀ ਸਿਰਫ ਤੇ ਸਿਰਫ ਮਤਲਬ ਹੀ ਇਨ੍ਹਾਂ ਦੀ ਰੋਜ਼ ਦੀ ਕਾਰਗੁਜ਼ਾਰੀ ਹੁੰਦੀ ਹੈ। ਅਜਿਹੇ ਲੋਕ ਜ਼ਿੰਦਗੀ ਨੂੰ ਸਿਰਫ ਜਿਉਣਾ ਹੀ ਜਾਣਦੇ ਹਨ। ਇਸ ਜ਼ਿੰਦਗੀ ਰੂਪੀ ਵਿਸ਼ਾਲ ਤੇ ਲੰਬੇ ਪੈਂਡੇ ਤੇ ਚੱਲਦਿਆਂ ਇਨਸਾਨ ਨੂੰ ਕਈ ਖੁਸ਼ੀਆਂ ਤੇ ਨਮੋਸ਼ੀਆਂ ਵੀ ਝੱਲਣੀਆਂ ਪੈਂਦੀਆਂ ਹਨ। ਕੁਝ ਬੰਦੇ ਇਨ੍ਹਾਂ ਹਾਰਾਂ ਨੂੰ ਝੱਲ ਕੇ ਤੇ ਤਜ਼ਰਬੇ ਦੀ ਭੱਠੀ 'ਚ ਪੱਕ ਕੇ ਕੁੰਦਨ ਬਣ ਜਾਂਦੇ ਹਨ ਪਰ ਕੁਝ ਇਸ ਤੋਂ ਉਲਟ ਸਮੇਂ ਦੀ ਮਾਰ ਨਾ ਝੱਲਦੇ ਸਭ ਕੁਝ ਛੱਡ ਕੇ ਹੌਂਸਲਾ ਪ੍ਰਸਤ ਬਣ ਜਾਂਦੇ ਹਨ।

ਅਜਿਹਿਆਂ ਲਈ ਫਿਰ ਨਸ਼ੇ ਤੇ ਬੇਗੈਰਤ ਗੁਲਾਮੀ ਹੀ ਆਖਰੀ ਸਮੇਂ ਵਜੋਂ ਬਾਕੀ ਬਚਦੀ ਹੈ। ਅਜਿਹੇ ਲੋਕਾਂ ਲਈ ਜ਼ਿੰਦਗੀ ਦੇ ਰਿਸ਼ਤਿਆਂ ਦੀਆਂ ਤੰਦਾਂ ਬੇਹੱਦ ਕਮਜ਼ੋਰ ਤੇ ਨਾਜ਼ੁਕ ਹੋ ਜਾਂਦੀਆਂ ਹਨ।

ਜ਼ਿੰਦਗੀ ਨੂੰ ਜਿਉਣ ਤੇ ਮਾਨਣ ਵਿਚ ਬਹੁਤ ਫਰਕ ਹੈ। ਇਕ ਉਹ ਲੋਕ ਹਨ ਜੋ ਜ਼ਿੰਦਗੀ ਨੂੰ ਸਿਰਫ ਜਿਊਂਦੇ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਉਨ੍ਹਾਂ ਦਿਨ ਵਿਚ ਕੀ ਬੁਰਾ ਕੀਤਾ, ਕੀ ਚੰਗਾ ਕੀਤਾ, ਕਿਸ ਨਾਲ ਧੋਖਾ ਕੀਤਾ, ਕਿਸ ਦਾ ਦਿਲ ਤੋੜਿਆ? ਝੂਠ, ਫਰੇਬ ਤੇ ਬੇਈਮਾਨੀ ਦੀ ਕਮਾਈ ਤੋਂ ਜਨਮੀ ਖੁਸ਼ੀ ਸਿਰਫ ਕੁਝ ਪਲ ਦੀ ਹੀ ਉਮਰ ਰੱਖਦੀ ਹੈ ਤੇ ਮਨ ਦਾ ਚੈਨ ਤੇ ਰਾਤਾਂ ਦੀ ਨੀਂਦ ਵੀ ਫਿਰ ਔਖਿਆਂ ਹੀ ਬਹੁੜਦੀ ਹੈ।

ਮਾੜੇ ਕਰਮ ਤੇ ਧੋਖਾ ਦਗੇ ਦਾ ਨਤੀਜਾ ਹਰ ਹਾਲ ਭੁਗਤਣਾ ਪੈਂਦਾ ਹੈ ਤੇ ਚਾਹੇ ਹੁਣ ਚਾਹੇ ਪਿਛੋਂ। ਅਜਿਹੇ ਨਿੱਜੀ ਲੋਭ, ਮੋਹ, ਸਮੇਂ ਤੇ ਸੰਘਰਸ਼ ਦੀ ਘੋੜ-ਦੌੜ ਵਿਚ ਸੰਸਕਾਰਾਂ ਤੇ ਰੱਬੀ ਕਿਰਤ ਤੋਂ ਸੱਖਣੇ ਰਹਿੰਦੇ ਹਨ। ਇਨ੍ਹਾਂ ਲਈ ਸਿਰਫ ਨੀਰਸ ਜਿਹੀ ਜ਼ਿੰਦਗੀ ਨੂੰ ਜਿਊਣਾ ਹੀ ਇਕ ਉਦੇਸ਼ ਰਹਿ ਜਾਂਦਾ ਹੈ। ਬਜ਼ੁਰਗਾਂ ਤੇ ਮਾਪਿਆਂ ਦੇ ਚਿਹਰਿਆਂ ਦੀਆਂ ਝੁਰੜੀਆਂ ਤੇ ਅੱਥਰੂ ਭਰੀਆਂ ਅੱਖਾਂ ਦੁੱਖ ਬਿਆਨ ਕਰਦੀਆਂ ਹਨ। ਉਹ ਅੱਖਾਂ ਵਿਚ ਵਿਲਕਣੀਆਂ ਭਰੇ ਹੋਏ ਸੋਚਦੇ ਤੇ ਲੋਚਦੇ ਦਿਖਦੇ ਹਨ ਕਿ ਕਾਸ਼ ਕਿਤੇ ਉਨ੍ਹਾਂ ਆਪਣੀ ਔਲਾਦ ਨੂੰ ਸਹੀ ਸੇਧ ਦਿੱਤੀ ਹੁੰਦੀ। ਸਹੀ ਸੰਸਕਾਰ ਦਿੱਤੇ ਹੁੰਦੇ।

ਅਗਲੀ ਪੀੜ੍ਹੀ ਨੂੰ ਸਹੀ ਜ਼ਿੰਦਗੀ ਜਿਊਣ ਤੇ ਮਾਨਣ ਦੀ ਪੈੜ ਤੇ ਰਹਿਤਲ ਬਖਸ਼ਣੀ ਮਾਤਾ ਪਿਤਾ ਦੇ ਹੀ ਹੱਥ ਵਸ ਹੁੰਦੀ ਹੈ। ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਰਾਜ-ਸਿੰਘਾਸਨ ਤੇ ਤਖਤੋ-ਤਾਜ ਐਵੇਂ ਇਕ ਦੋ ਦਿਨਾਂ 'ਚ ਨਹੀਂ ਬਣ ਜਾਂਦੇ। ਇਨ੍ਹਾਂ ਪਿੱਛੇ ਲੰਬੇ ਸਮਿਆਂ ਦੀ ਹੱਡ ਭੰਨਵੀਂ ਮਿਹਨਤ, ਜੱਦੋ-ਜਹਿਦ ਤੇ ਅਣਥੱਕ ਯਤਨ ਬੋਲਦੇ ਹਨ। ਬੱਚਿਆਂ ਨੂੰ ਛੋਟੀ ਉਮਰੇ ਹੀ ਕਿਰਤ, ਨਾਮ ਸਿਮਰਨ, ਸੱਚ ਤੇ ਸ਼ੁਭ ਗੁਣਾਂ ਦੇ ਬੀਜਾਂ ਨਾਲ ਪਰਵਰਿਸ਼ ਕਰਨੀ ਚਾਹੀਦੀ ਹੈ ਤਾਂ ਜੋ ਜਵਾਨੀ ਦੀ ਸਰਦਲ ਤੇ ਪਹੁੰਚਦੇ ਹੀ ਉਹ ਸੋਚੇ ਕਿ ਉਸ ਦਾ ਲਿਆ ਕੋਈ ਵੀ ਫੈਸਲਾ ਕਿਤੇ ਪਛਤਾਵਾ ਨਾ ਲੈ ਕੇ ਆਵੇ।

ਸਾਰੀ ਉਮਰੇ ਉਸ ਨੂੰ ਗਮੀ ਤੇ ਮਾਂ-ਬਾਪ ਨੂੰ ਅੱਥਰੂਆਂ ਦਾ ਹੜ੍ਹ ਨਾ ਝਾਗਣਾ ਪਵੇ। ਜ਼ਿੰਦਗੀ ਨੂੰ ਹੰਢਾਉਣਾ ਵੀ ਇਕ ਮਹਾਨ ਕਾਰਜ ਹੈ। ਇਸ ਸ਼੍ਰੇਣੀ ਦੇ ਲੋਕ ਉਹ ਹਨ ਜਿਨ੍ਹਾਂ ਨੇ ਪੀੜ੍ਹੀ-ਦਰ-ਪੀੜ੍ਹੀ ਸੰਸਕਾਰ, ਨਾਮ-ਸਿਮਰਨ, ਕਿਰਤ-ਸੱਚ ਦੇ ਬੀਜ ਆਪਣੀ ਪਿਛਲੀ ਪੀੜ੍ਹੀ ਤੋਂ ਲਏ ਤੇ ਅਗਲੀ ਲਈ ਬੀਜੇ ਹੁੰਦੇ ਹਨ ਤੇ ਉਹ ਉਮਰਾਂ ਦੇ ਤਜ਼ਰਬੇ ਤੇ ਵਿਸ਼ਵਾਸ ਦੇ ਪਾਣੀ ਨਾਲ ਸਿਜਦੇ ਹਨ। ਦੁੱਖ-ਸੁੱਖ ਦੇ ਤਾਪ, ਸਬਰ, ਭਜਨ-ਬੰਦਗੀ ਤੇ ਸੰਤੁਸ਼ਟੀ ਦੇ ਮਿਸ਼ਰਨ ਨਾਲ ਕੁੰਦਨ ਜਿਹੇ ਬਣ ਜਾਂਦੇ ਹਨ। ਜ਼ਿੰਦਗੀ ਨੂੰ ਜਿਊਣ, ਮਾਨਣ ਤੇ ਹੰਢਾਉਣ ਲਈ ਸਹੀ ਸੰਸਕਾਰ, ਸੱਚ, ਇਮਾਨਦਾਰੀ, ਸਬਰ, ਸੰਤੋਖ, ਕਿਰਤ ਤੇ ਨਾਮ ਦੀ ਸੋਝੀ ਦੀ ਗੁੜਤੀ ਤੇ ਜਾਗ ਅਜਿਹੇ ਗੁਣਾਂ ਦੇ ਧਾਰਨੀ ਮਾਪੇ ਹੀ ਦੇ ਸਕਦੇ ਹਨ।

# ਪੰਜਾਬ ਦਾ ਪੀਰ ਬਾਬਾ ਵਾਰਿਸ ਸ਼ਾਹ ਅਤੇ ਉਸ ਦੀ 'ਹੀਰ'

ਡਾ. ਹਰਚੰਦ ਸਿੰਘ ਸਰਹਿੰਦੀ

ਅਠਾਰ੍ਹਵੀਂ ਸਦੀ ਵਿਚ ਪੰਜਾਬੀ ਬੋਲੀ ਤੇ ਸੱਭਿਆਚਾਰ ਦਾ ਮਹਾਨ ਸਰਪ੍ਰਸਤ ਤੇ ਲਾਸਾਨੀ ਸ਼ਾਇਰ, ਬਾਬਾ ਵਾਰਿਸ ਸ਼ਾਹ, ਪੰਜਾਬੀ ਸਾਹਿਤ ਦਾ ਉਹ ਅਮਿੱਟ ਹਸਤਾਖ਼ਰ ਹੈ ਜਿਸ ਦੀ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਬਰਾਬਰ ਦੀ ਪੁੱਛ ਪ੍ਰਤੀਤ ਹੈ। ਉਸ ਦੀ ਹਰ ਦਿਲ ਅਜੀਜ਼ੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਦੀ ਸ਼ਾਹਕਾਰ ਰਚਨਾ 'ਹੀਰ' ਨੂੰ ਪੜ੍ਹਨ ਤੇ ਸੁਣਨ ਦੀ ਚੇਟਕ ਵਿਚ ਕਦੇ ਖੜੋਤ ਨਹੀਂ ਆਈ। ਹੁਣ ਤੱਕ ਘੱਟੋ-ਘੱਟ 120 ਕਿੱਸਾਕਾਰ ਹੀਰ-ਰਾਂਝੇ ਦੀ ਪ੍ਰੇਮ ਕਹਾਣੀ ਉੱਤੇ ਕਲਮ-ਅਜ਼ਮਾਈ ਕਰ ਚੁੱਕੇ ਹਨ, ਪਰ ਜਿਨ੍ਹਾਂ ਸਿਖ਼ਰਾਂ ਨੂੰ ਵਾਰਿਸ ਨੇ ਛੂਹਿਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈਆਂ। ਨਿਰਸੰਦੇਹ, ਪੰਜਾਬੀ ਸ਼ਾਇਰੀ ਦੇ ਅੰਬਰ 'ਤੇ ਇਕ ਭਰਵੀਂ ਤੇ ਮਨਮੋਹਕ ਉਡਾਣ ਦਾ ਨਾਂ ਹੈ ਵਾਰਿਸ ਸ਼ਾਹ।

ਵਾਰਿਸ ਸ਼ਾਹ ਨੇ ਮਾਂ ਬੋਲੀ ਨੂੰ ਇਕ ਅਜਿਹੀ ਪੁਰ-ਅਸਰ ਅਤੇ ਸੁੱਚੀ ਕਿਤਾਬ ਭੇਟ ਕੀਤੀ ਹੈ, ਜਿਸ ਨੇ ਪੰਜਾਬੀ ਸਾਹਿਤ ਨੂੰ ਰੱਜਕੇ ਮਾਲਾਮਾਲ ਕੀਤਾ ਹੈ। ਇਸ ਪੁਸਤਕ ਦੁਆਰਾ ਪੰਜਾਬੀ ਸਾਹਿਤ ਵਿਚ ਛੱਡੀ ਮਹਿਕ ਪੰਜਾਬੀਆਂ ਨੂੰ ਸਦਾ ਮਹਿਕਾਉਂਦੀ ਤੇ ਮੰਤਰ-ਮੁਗਧ ਕਰਦੀ ਰਹੇਗੀ। ਕਮਾਲ ਦੀ ਗੱਲ ਤਾਂ ਇਹ ਹੈ ਕਿ 'ਹੀਰ ਵਾਰਿਸ' ਜਿੱਥੇ ਪਿੰਡ ਦੀਆਂ ਸੱਥਾਂ ਵਿਚ ਬੜੇ ਚਾਅ ਨਾਲ ਪੜ੍ਹੀ ਤੇ ਸੁਣੀ ਜਾਂਦੀ ਹੈ, ਉੱਥੇ ਉੱਚ-ਪੱਧਰੀਆਂ ਸਾਹਿਤਕ ਗੋਸ਼ਟੀਆਂ ਵਿਚ ਵੀ ਬੜੀ ਗੰਭੀਰਤਾ ਨਾਲ ਵਿਚਾਰੀ ਤੇ ਸਲਾਹੀ ਜਾਂਦੀ ਹੈ।

ਵਾਰਿਸ ਸ਼ਾਹ ਅਜਿਹਾ ਪਹਿਲਾ ਸ਼ਾਇਰ ਹੈ, ਜਿਸ ਦੇ ਕਲਾਮ ਵਿਚ ਪੰਜਾਬੀ ਜ਼ੁਬਾਨ ਆਪਣੀ ਮੁਕੰਮਲ ਖ਼ੂਬਸੂਰਤੀ ਤੇ ਖ਼ੂਬੀਆਂ ਨਾਲ ਜਲਵਾ-ਗਰ ਹੋਈ। ਦੂਜਾ, ਉਸ ਨੇ ਪੰਜਾਬੀ ਜ਼ੁਬਾਨ ਦੇ ਗੁੱਝੇ ਨਖ਼ਰਿਆਂ ਨੂੰ ਰੂਪਮਾਨ ਕੀਤਾ। ਤਾਹੀਉਂ, ਉਸ ਦਾ ਕਲਾਮ ਸੁਣਦਿਆਂ ਹੀ ਬੰਦਾ ਵਜਦ ਵਿਚ ਆ ਜਾਂਦਾ ਹੈ ਅਤੇ ਉਸ ਦੀ ਰੂਹ ਸਰਸ਼ਾਰ ਹੋ ਜਾਂਦੀ ਹੈ। ਕਿਸੇ ਸ਼ਾਇਰ ਨੇ ਖ਼ੂਬ ਕਿਹਾ ਹੈ –

**ਵਾਰਿਸ ਸ਼ਾਹ ਦਾ ਪਾਕ ਕਲਾਮ ਪੜ੍ਹਨਾ,**
**ਬੂਰੀ ਮੱਝ ਦੀ ਚੁੰਘਣੀ ਧਾਰ ਹੈ ਜੀ।**

ਇਹੋ ਕਾਰਨ ਹੈ ਕਿ ਅੱਜ ਵੱਡੇ-ਵੱਡੇ ਕਲਮ ਦੇ ਧਨੀ ਵਾਰਿਸ ਦਾ 'ਲੋਹਾ ਮੰਨਦੇ' ਹਨ। ਪੰਜਾਬੀਆਂ ਦੇ ਸਭ ਤੋਂ ਅਜੀਜ਼ ਉਰਦੂ ਸ਼ਾਇਰ ਫੈਜ਼ ਅਹਿਮਦ ਫੈਜ਼ (1911-84) ਨੂੰ ਜਦੋਂ ਇਕ ਇੰਟਰਵਿਊ ਦੌਰਾਨ ਇਹ ਪੁੱਛਿਆ ਗਿਆ ਕਿ ਉਹ ਪੰਜਾਬੀ ਵਿਚ ਕਿਉਂ ਨਹੀਂ ਲਿਖਦਾ ਤਾਂ ਉਸ ਦਾ ਜਵਾਬ ਸੀ – "ਕੋਈ ਗ਼ਾਲਿਬ ਨਾਲ ਮੁਕਾਬਲਾ ਕਰਨ ਬਾਰੇ ਤਾਂ ਸੋਚ ਸਕਦਾ ਹੈ, ਪਰ ਵਾਰਿਸ ਸ਼ਾਹ ਦੇ ਖੇਤਰ ਵਿਚ ਦਾਖਲ ਹੋਣ ਦੀ ਹਿੰਮਤ ਤਾਂ ਕੋਈ ਸਿਰਫ਼ਿਰਿਆ ਹੀ ਕਰ ਸਕਦਾ ਹੈ।" ਸਚਮੁੱਚ, ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਵਾਰਿਸ ਨਾਲ ਆਢਾ ਲੈਣਾ, ਪਹਾੜ ਨਾਲ ਟਕਰਾਉਣ ਦੇ ਤੁਲ ਹੈ।

ਵਾਰਿਸ ਸ਼ਾਹ, ਆਪਣੀਆਂ ਲਾਸਾਨੀ ਸਾਹਿਤਕ ਖ਼ੂਬੀਆਂ ਸਦਕਾ, ਸੱਤ ਸਮੁੰਦਰੋਂ ਪਾਰ ਫਰਾਂਸ ਵਿਚ ਵੀ ਜਾ ਧਮਕਿਆ ਹੈ। ਇਕ ਫਰਾਂਸੀਸੀ ਵਿਦਵਾਨ ਡਾ. ਡੇਨਿਸ ਮਾਤਰੇਂਜ, ਜਿਸ ਨੇ 'ਹੀਰ ਵਾਰਿਸ' 'ਤੇ 552 ਸਫ਼ਿਆਂ ਦਾ ਥੀਸਿਜ਼ ਲਿਖ ਕੇ ਪੈਰਿਸ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ, ਦਾ ਕਹਿਣਾ ਹੈ- "ਮੈਂ ਇਸ ਤੋਂ ਪਹਿਲਾਂ ਏਨੀ ਸੋਹਣੀ ਤੇ ਡੂੰਘੀ ਸ਼ਾਇਰੀ ਕਦੇ ਨਹੀਂ ਸੀ ਵੇਖੀ। ਵਾਰਿਸ ਨੇ ਆਪਣੀ ਭਾਸ਼ਾ ਨੂੰ ਆਪ ਸਿਰਜਿਆ ਹੈ, ਜਿਸ ਤਰ੍ਹਾਂ ਹੋਮਰ ਨੇ ਆਪਣੀ ਭਾਸ਼ਾ ਨੂੰ ਸਿਰਜਿਆ ਸੀ। ਵਾਰਿਸ ਤੋਂ ਪਹਿਲਾਂ ਅਜਿਹੀ ਭਾਸ਼ਾ ਮੌਜੂਦ ਨਹੀਂ ਸੀ।" (ਇਹ ਜਾਣਕਾਰੀ, ਮੋਹਨਜੀਤ ਦੀ ਡਾ. ਡੇਨਿਸ ਮਾਤਰੇਂਜ ਨਾਲ ਦਿੱਲੀ ਵਿਖੇ ਹੋਈ ਇਕ ਗੱਲਬਾਤ 'ਤੇ ਆਧਾਰਤ ਹੈ)।

ਸ਼ਿਪਲੇ ਦੇ 'ਐਨਸਾਈਕਲੋਪੀਡੀਆ ਆਫ਼ ਲਿਟਰੇਚਰ' ਅਨੁਸਾਰ "ਵਾਰਿਸ ਸ਼ਾਹ ਪੰਜਾਬੀ ਦਾ ਸਭ ਤੋਂ ਵੱਡਾ ਸ਼ਾਇਰ ਹੈ ਤੇ ਉਸ ਦੀ 'ਹੀਰ' ਸਰਵੋਤਮ ਰਚਨਾ।" ਜਿਲਦ-1, ਪੰਨਾ 554-55.

ਵਾਰਿਸ ਖੁਦ ਵੀ ਇਹ ਮਹਿਸੂਸ ਕਰਦਾ ਹੈ ਕਿ ਕਿੱਸਾ ਹੀਰ ਲਿਖ ਕੇ ਉਸ ਨੇ ਇਕ ਨਿਵੇਕਲਾ ਤੇ ਯਾਦਗਾਰੀ ਕੰਮ ਕੀਤਾ ਹੈ। ਆਪਣੀ ਰਚਨਾ ਦੀ ਉਪਮਾ ਕਰਦਿਆਂ ਉਹ ਕਹਿੰਦਾ ਹੈ –

**ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,**
**ਨਵਾਂ ਫੁੱਲ ਗੁਲਾਬ ਦਾ ਤੋੜਿਆ ਈ।**

ਨਿਰਸੰਦੇਹ, ਵਾਰਿਸ ਨੇ ਆਪਣੀ ਇਸ ਇਕਲੌਤੀ ਰਚਨਾ ਰਾਹੀਂ ਪੰਜਾਬੀ ਸਾਹਿਤ ਦੇ ਪਿੜ ਵਿਚ ਇਕ ਅਜਿਹਾ ਝੰਡਾ ਗੱਡ ਦਿੱਤਾ ਹੈ ਜੋ ਰਹਿੰਦੀ ਦੁਨੀਆਂ ਤੱਕ ਝੂਲਦਾ ਰਹੇਗਾ।

ਸਾਹਿਤ ਸਿਰਜਣਾ ਬਾਰੇ ਗੱਲ ਕਰਦਿਆਂ, ਸੀ.ਐੱਸ. ਲੀਊਸ ਲਿਖਦਾ ਹੈ ਕਿ "ਸਾਹਿਤ ਸੱਚਾਈ ਦਾ ਸਿਰਫ਼ ਵਿਖਿਆਨ ਹੀ ਨਹੀਂ ਕਰਦਾ, ਸਗੋਂ ਉਸ ਵਿਚ ਵਾਧਾ ਕਰਦਾ ਹੈ। ਸਾਹਿਤ ਉਨ੍ਹਾਂ ਚੀਜ਼ਾਂ, ਜਿਨ੍ਹਾਂ ਦੀ ਆਪਾਂ ਨੂੰ ਆਮ ਜ਼ਿੰਦਗੀ ਵਿਚ ਲੋੜ ਹੁੰਦੀ ਹੈ, ਬਾਰੇ ਰਸਿਕ ਬੋਲੀ ਤੇ ਸ਼ੈਲੀ ਵਿਚ ਜਾਣਕਾਰੀ ਮੁਹੱਈਆ ਕਰਦਾ ਹੈ। ਇਸ ਤਰ੍ਹਾਂ ਇਹ ਸਾਡੀ ਮਾਰੂਥਲ ਬਣ ਚੁੱਕੀ ਜ਼ਿੰਦਗੀ ਵਿਚ ਪਾਣੀ ਦਾ ਕੰਮ ਕਰਦਾ ਹੈ।" 'ਹੀਰ ਵਾਰਿਸ', ਲੀਊਸ ਦੇ ਉਕਤ ਕਥਨ 'ਤੇ ਸੋਲਾਂ ਆਨੇ ਖ਼ਰੀ ਉਤਰਦੀ ਹੈ, ਕਿਉਂਕਿ ਵਾਰਿਸ ਸੱਚ ਲਿਖਣ ਵਾਲਾ ਅਤੇ ਜ਼ਿੰਦਗੀ ਦੀਆਂ ਸੱਚਾਈਆਂ ਨੂੰ ਬਿਆਨ ਕਰਨ ਵਾਲਾ ਸ਼ਾਇਰ ਹੈ। ਜਿਥੋਂ ਤੱਕ 'ਹੀਰ' ਵਿਚਲੇ ਸੱਚ ਦਾ ਸਵਾਲ ਹੈ, ਵਾਰਿਸ ਆਪਣੇ ਪਾਠਕਾਂ ਨੂੰ ਭਰੋਸਾ ਦਿਵਾਉਂਦਾ ਹੈ ਕਿ ਉਸ ਦੇ ਸ਼ਿਅਰ, ਇਕ ਤਰ੍ਹਾਂ ਨਾਲ ਕੁਰਾਨ ਸ਼ਰੀਫ਼ ਦੇ ਅਰਥ ਹਨ। ਲਉ ! ਸ਼ਿਅਰ ਮੁਲਾਹਜ਼ਾ ਫ਼ਰਮਾਓ :

**ਇਹ ਕੁਰਾਨ ਮਜ਼ੀਦ ਦੇ ਮਾਇਨੇ ਨੇ,**
**ਜਿਹੜੇ ਸ਼ਿਅਰ ਮੀਆਂ ਵਾਰਿਸ ਸ਼ਾਹ ਦੇ ਨੀ।**

ਸੋ, ਵਾਰਿਸ ਨੂੰ ਪੰਜਾਬੀਆਂ ਦਾ ਪੀਰ ਅਤੇ ਉਸ ਦੀ 'ਹੀਰ' ਨੂੰ ਪੰਜਾਬੀਆਂ ਦਾ ਧਾਰਮਿਕ ਗ੍ਰੰਥ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਉਸਤਾਦ ਸ਼ਾਇਰ ਵਿਧਾਤਾ ਸਿੰਘ ਤੀਰ ਦੀਆਂ ਸਤਰਾਂ ਹਨ –

**ਮੇਰੀ ਬੋਲੀ ਦੇ ਵਾਰਿਸਾ ਸੱਚ ਮੰਨੀ,**
**ਮੰਨਾਂ ਮੈਂ ਪੰਜਾਬ ਦਾ ਪੀਰ ਤੈਨੂੰ। ('ਨਵੇਂ ਨਿਸ਼ਾਨੇ')**

ਪੀਰ ਦੇ ਰੁਤਬੇ ਨੂੰ ਪਹੁੰਚਿਆ ਵਾਰਿਸ, ਕਿਉਂਕਿ ਸੱਚ 'ਤੇ ਚੱਲਣ

ਵਾਲਾ ਸੂਫ਼ੀ ਦਰਵੇਸ਼ ਸੀ, ਇਸ ਲਈ ਉਸ ਦੀ ਕਹੀ ਗੱਲ 'ਤੇ ਕਿੰਤੂ-ਪ੍ਰੰਤੂ ਕਰਨ ਦੀ ਉੱਕਾ ਹੀ ਕੋਈ ਗੁੰਜਾਇਸ਼ ਨਹੀਂ ਹੈ। ਮੀਆਂ ਮੁਹੰਮਦ ਬਖ਼ਸ਼ ਆਪਣੀ ਪ੍ਰਸਿੱਧ ਰਚਨਾ 'ਸੈਫ਼ੁਲ ਮਲੂਕ' ਵਿਚ ਪੰਨਾ 318 'ਤੇ ਲਿਖਦਾ ਹੈ –

**ਵਾਰਿਸ ਸ਼ਾਹ ਸੁਖ਼ਨ ਦਾ ਵਰਿਸ, ਨਿੰਦੇ ਕੌਣ ਉਨ੍ਹਾਂ ਨੂੰ,**
**ਹਰਫ਼ ਉਹਦੇ 'ਤੇ ਉਂਗਲ ਧਰਨੀ, ਨਹੀਂ ਕਦਰ ਅਸਾਂ ਨੂੰ।**

ਵਾਰਿਸ ਸ਼ਾਹ ਨੇ ਹਰ ਦੌਰ ਵਿਚ ਪੰਜਾਬੀ ਮਨ ਨੂੰ ਟੁੰਬਿਆ ਹੈ, ਕਿਉਂਕਿ ਜਿੱਥੇ ਉਹ ਪਾਠਕਾਂ ਦਾ ਮਨੋਰੰਜਨ ਕਰਦਾ ਹੈ, ਉੱਥੇ ਉਨ੍ਹਾਂ ਨੂੰ ਜੀਵਨ ਦੀਆਂ ਸੱਚਾਈਆਂ ਤੋਂ ਵੀ ਜਾਣੂ ਕਰਾਉਂਦਾ ਹੈ ਅਤੇ ਸਰਬੱਤ ਦੇ ਭਲੇ ਲਈ ਪ੍ਰੇਰਦਾ ਹੈ। ਤਾਹੀਉਂ, ਅੰਮ੍ਰਿਤਾ ਪ੍ਰੀਤਮ, 1947 ਦੇ ਦੁਖਾਂਤ ਨੂੰ ਚਿਤਰਦਿਆਂ, ਵਾਰਿਸ ਨੂੰ ਪੰਜਾਬੀਆਂ ਦੇ ਇਕ ਨਾਇਕ ਦੇ ਤੌਰ 'ਤੇ 'ਵਾਜਾਂ ਮਾਰਦੀ ਹੈ– "ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।" ਆਓ! ਆਪਾਂ ਵੀ ਅੱਜ ਪੰਜਾਬ ਦੇ ਇਸ ਪੀਰ ਦੀ ਮਜ਼ਾਰ 'ਤੇ ਨਤਮਸਤਕ ਹੋ ਕੇ ਅਰਜ਼ ਗੁਜ਼ਾਰੀਏ ਕਿ ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ ਅੰਦਰ ਅੱਜ ਜੋ ਕੁਝ ਵਾਪਰ ਰਿਹਾ ਹੈ, ਉਸ ਬਾਰੇ ਆਪਣੇ ਗਿਆਨ ਦਾ ਚਾਨਣ ਸਾਨੂੰ ਬਖ਼ਸ਼ੇ। ਖ਼ੈਰ!

'ਹੀਰ ਵਾਰਿਸ' ਪੰਜਾਬੀ ਸਭਿਆਚਾਰ ਦੀ ਮੁਕੰਮਲ ਤਸਵੀਰ ਪੇਸ਼ ਕਰਦੀ ਹੈ। ਇਹ ਉਸ ਸਮੇਂ ਦੇ ਪੰਜਾਬ ਦਾ ਇਤਿਹਾਸਨਾਮਾ ਵੀ ਹੈ। ਸੋ, ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਨੂੰ ਸਮਝਣ ਲਈ ਇਸ ਥਾਣੀ ਲੰਘਣਾ ਜ਼ਰੂਰੀ ਹੈ। ਪੰਜਾਬੀ ਦੇ ਲੇਖਕਾਂ ਤੇ ਕਵੀਆਂ ਲਈ ਤਾਂ ਇਸ ਦਾ ਅਧਿਐਨ ਕਰਨਾ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ, ਕਿਉਂਕਿ ਇਹ ਉਨ੍ਹਾਂ ਦੇ ਗਿਆਨ ਵਿਚ ਠੋਸ ਵਾਧਾ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬੀ ਮਨ ਦੇ ਨੇੜੇ ਹੋ ਕੇ ਗੱਲ ਕਰਨ ਦੀ ਜੁਗਤ ਵੀ ਸਿਖਾਉਂਦੀ ਹੈ।... ਜਿਹੜਾ ਕਲਮਕਾਰ, ਵਾਰਿਸ ਸ਼ਾਹ ਦੀ ਝੋਲੀ ਵਿਚ ਸਿਰ ਰੱਖ ਕੇ ਉਸ ਪਾਸੋਂ ਸੱਚੇ ਦਿਲੋਂ ਕਿਸੇ ਖਿਆਲ ਦੀ ਦਾਤ ਮੰਗਦਾ ਹੈ, ਵਾਰਿਸ ਉਸ ਨੂੰ ਕਦੇ ਨਿਰਾਸ਼ ਨਹੀਂ ਕਰਦਾ–ਆਪਣੀ ਕੋਈ ਢੁੱਕਵੀਂ ਟੂਕ ਝੱਟ ਉਸ ਦੀ ਤਲੀ 'ਤੇ ਟਿਕਾ ਦਿੰਦਾ ਹੈ। ਇਹ ਮੇਰਾ ਵਿਸ਼ਵਾਸ ਹੀ ਨਹੀਂ, ਨਿੱਜੀ ਤਜ਼ਰਬਾ ਵੀ ਹੈ।

ਵਾਰਿਸ ਦੀ ਲੋਕ ਸੂਝ ਨੂੰ ਪ੍ਰਗਟਾਉਂਦੇ ਕਥਨ, ਅੱਜ ਅਖਾਣਾਂ ਦੇ ਰੂਪ ਵਿਚ ਸਾਡੇ ਜੀਵਨ 'ਚ ਇਉਂ ਘੁਲ-ਮਿਲ ਗਏ ਹਨ ਜਿਵੇਂ ਦੁੱਧ ਦੇ ਕਟੋਰੇ ਵਿਚ ਖੰਡ।

ਗੱਲ ਕੀ, ਵਾਰਿਸ ਨੇ ਆਪਣੇ ਗਿਆਨ ਦੇ ਅਟੁੱਟ ਭੰਡਾਰ ਨੂੰ ਕਿੱਸਾ ਹੀਰ ਦੀ ਆੜ ਵਿਚ ਪੰਜਾਬੀ ਜਗਤ ਦੇ ਵਿਹੜੇ ਵਿਚ ਢੇਰੀ ਕਰ ਦਿੱਤਾ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਪੰਜਾਬੀ ਸਾਹਿਤ ਦੇ ਲਗਭਗ 800 ਸਾਲਾਂ ਦੇ ਇਤਿਹਾਸ ਵਿਚ ਵਾਰਿਸ ਤੋਂ ਵੱਡਾ ਸ਼ਾਇਰ ਹੋਰ ਕੋਈ ਪੈਦਾ ਹੀ ਨਹੀਂ ਹੋਇਆ। ਉਸ ਨੇ ਮਾਂ ਬੋਲੀ ਨੂੰ ਇਕ ਅਜਿਹੀ ਨੁੱਕਦਾਰ ਕਿਤਾਬ ਭੇਟ ਕੀਤੀ ਹੈ, ਜਿਸ ਨੂੰ ਦੁਨੀਆਂ ਦੀ ਕਿਸੇ ਵੀ ਜ਼ੁਬਾਨ ਦੇ ਸਾਹਿਤ ਦੇ ਮੁਕਾਬਲੇ ਲਈ ਪੇਸ਼ ਕੀਤਾ ਜਾ ਸਕਦਾ ਹੈ।

ਚੰਗਾ ਸਾਹਿਤ ਹਮੇਸ਼ਾ ਸਮੇਂ ਦੇ ਹਾਣ ਦਾ ਬਣਿਆ ਰਹਿੰਦਾ ਹੈ– ਆਪਣੇ-ਆਪ ਨੂੰ ਸਮੇਂ ਦੇ ਮੁਤਾਬਿਕ ਢਾਲ ਲੈਂਦਾ ਹੈ। 'ਹੀਰ ਵਾਰਿਸ' ਵਿਚ ਇਹ ਗੁਣ ਮੌਜੂਦ ਹੈ–ਢਾਈ ਸਦੀਆਂ ਪਹਿਲਾਂ ਲਿਖੀ ਗਈ ਇਹ ਰਚਨਾ ਅੱਜ ਦੇ ਯੁੱਗ ਵਿਚ ਵੀ ਉਨੀਉਂ ਸਾਰਥਿਕ ਹੈ। ਤੱਥ ਦੀ ਪੁਸ਼ਟੀ ਲਈ ਇਕ ਸ਼ਿਅਰ ਪੇਸ਼ ਹੈ –

**ਜਿਨ੍ਹਾਂ ਬੇਟੀਆਂ ਮਾਰੀਆਂ, ਰੋਜ਼ ਕਿਆਮਤ,**
**ਸਿਰ ਤਿਨ੍ਹਾਂ ਦੇ ਵੱਡਾ ਗੁਨਾਹ ਮੀਆਂ।**

ਦੂਜਾ, ਚੰਗਾ ਸਾਹਿਤ ਉਹ ਹੁੰਦਾ ਹੈ, ਜਿਸ ਨੂੰ ਬਾਰ-ਬਾਰ ਪੜ੍ਹਨ ਲਈ ਮਨ ਕਾਹਲਾ ਪਵੇ। ਸਾਈਰ ਕੌਨਲੀ ਦਾ ਕਥਨ ਹੈ– "ਸਾਹਿਤ, ਲਿਖਣ ਦੀ ਉਹ ਕਲਾ ਹੈ ਜਿਸ ਨੂੰ ਬਾਰ-ਬਾਰ ਪੜ੍ਹਿਆ ਜਾ ਸਕੇ।" ਵਾਰਿਸ ਦੀ 'ਹੀਰ' ਵੀ ਇਕ ਅਜਿਹੀ ਹੀ ਰਚਨਾ, ਜਿਸ ਦਾ ਜੀਵਨ ਭਰ ਪਾਠ ਕਰਦੇ ਰਹਿਣ ਨਾਲ ਵੀ ਰੂਹ ਨਹੀਂ ਭਰਦੀ, ਕਿਉਂਕਿ ਇਸ ਦੇ ਸ਼ਿਅਰਾਂ ਵਿਚ ਖਿਆਲ ਦੀ ਬੁਲੰਦੀ ਅਤੇ ਸੁਹਜ ਖ਼ੁਸ਼ਬੂ ਵਾਂਗ ਹਾਜ਼ਰ ਰਹਿੰਦੇ ਹਨ। ਲਓ! ਖ਼ੁਸ਼ਬੂ ਬਿਖੇਰਦਾ ਇਕ ਸ਼ਿਅਰ ਹਾਜ਼ਰ ਹੈ –

**ਰੰਨਾਂ ਦੇਣ ਗਾਲੀਂ ਅਸੀਂ ਚੁੱਪ ਰਹੀਏ,**
**ਐਡੇ ਸਬਰ ਦੇ ਪੈਰ ਕਿਸ ਧੋਵਨੇ ਨੇ।**

ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਵਾਰਿਸ ਦੀ 'ਹੀਰ' ਪੜ੍ਹਨ ਵਾਲੇ ਦੇ ਥਕੇਵੇਂ ਨੂੰ ਮੁੱਠੀਆਂ ਭਰ-ਭਰ ਕੇ ਹੌਲਿਆਂ ਫੁੱਲ ਕਰ ਦਿੰਦੀ ਹੈ, ਯਾਨੀ ਇਸ ਦੀ ਮਦਹੋਸ਼ ਕਰਨ ਵਾਲੀ ਮਹਿਕ ਪੜ੍ਹਨ ਵਾਲੇ ਦੀ ਰੂਹ ਤੱਕ ਉੱਤਰ ਜਾਂਦੀ ਹੈ।

ਹਜ਼ਰਤ ਵਾਰਿਸ ਸ਼ਾਹ ਦਾ ਨਾਂ ਉਨ੍ਹਾਂ ਸੂਫ਼ੀ ਸ਼ਾਇਰਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਹੈ, ਜਿਨ੍ਹਾਂ ਨੇ ਇਕ ਇਸ਼ਕੀਆ ਕਹਾਣੀ ਨੂੰ ਮਜਾਜ਼ੀ ਰੰਗ ਵਿਚ ਪੇਸ਼ ਕਰਕੇ ਉਸ ਵਿਚ ਰੂਹਾਨੀਅਤ ਦਾ ਹਕੀਕੀ ਰੰਗ ਭਰ ਦਿੱਤਾ ਹੋਵੇ।... ਪਰ ਵਾਰਿਸ ਨੇ ਇਸ਼ਕ ਹਕੀਕੀ ਦਾ ਪਾਠ ਪੜ੍ਹਾਉਂਦਿਆਂ, ਗੱਭਰੂਆਂ ਅਤੇ ਮੁਟਿਆਰਾਂ ਦੇ ਜਜ਼ਬਾਤ ਤੇ ਵਲਵਲਿਆਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ, ਬਲਕਿ ਉਨ੍ਹਾਂ ਦੇ ਮਨ ਨੂੰ ਤੁਣਕਾ ਮਾਰਨ ਲਈ ਹੱਥ ਆਏ ਕਿਸੇ ਵੀ ਅਵਸਰ ਨੂੰ ਅਜਾਈਂ ਨਹੀਂ ਜਾਣ ਦਿੱਤਾ। ਮਿਸਾਲ ਵਜੋਂ, ਹੀਰ ਨੂੰ ਗੰਨੇ ਦੀ ਪੋਰੀ (ਚਹੀਕ) ਨਾਲ ਤਸ਼ਬੀਰ ਦੇ ਕੇ ਇਉਂ ਪੇਸ਼ ਕਰਦਾ ਹੈ–

**ਵਾਰਿਸ ਸ਼ਾਹ ਚਹੀਕ ਜੇ ਨਵੀਂ ਚੂਪੇਂ,**
**ਸੱਭੇ ਭੁੱਲ ਜਾਹਨੀ ਜਿਹੜੀਆਂ ਗਾਵਨਾ ਹੈਂ।**

ਸੂਫੀ ਸ਼ਾਇਰ ਤੇ ਦਰਵੇਸ਼ ਹੋਣ ਦੇ ਨਾਤੇ, ਉਹ ਲੋਕਾਂ ਨੂੰ ਚੰਗੇ ਵਰਤਾਰੇ ਤੇ ਨੇਕ ਸੁਭਾਅ ਦੀ ਮਤ ਦਿੰਦਾ ਹੈ ਅਤੇ ਜੱਗ ਦੇ ਕੂੜ ਨੂੰ ਭੰਡਦਾ ਹੈ। 'ਜੋ ਕਰਨਗੇ ਸੋ ਭਰਨਗੇ' ਦੇ ਫ਼ਲਸਫ਼ੇ ਦੀ ਗੱਲ ਕਰਦਿਆਂ, ਉਹ ਬੰਦੇ ਨੂੰ ਪੁੰਨ ਤੇ ਪਾਪ ਤੋਂ ਵੀ ਜਾਣੂ ਕਰਾਉਂਦਾ ਹੈ ਅਤੇ ਇਨਸਾਨੀ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਪ੍ਰੇਰਦਾ ਹੈ। ਉਹ, ਜੀਵਨ ਵਿਚ ਮੰਜ਼ਿਲ ਦੀ ਪ੍ਰਾਪਤੀ ਲਈ ਲਗਾਤਾਰ ਜੱਦੋ-ਜਹਿਦ ਦੀ ਲੋੜ 'ਤੇ ਜ਼ੋਰ ਦਿੰਦਾ ਹੈ, ਜੀਵਨ ਵਿਚ ਕੁਝ ਜ਼ਿਕਰਯੋਗ ਕਰ ਗੁਜ਼ਰਨ ਦਾ ਸੁਨੇਹਾ ਦਿੰਦਾ ਹੈ। ਸ਼ਿਅਰ ਹੈ –

**ਵਾਰਿਸ ਸ਼ਾਹ ਉਹ ਸਦਾ ਈ ਜਿਊਂਦੇ ਨੇ,**
**ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ।**

ਸੋ, ਕਿਹਾ ਜਾ ਸਕਦਾ ਹੈ ਕਿ 'ਹੀਰ ਵਾਰਿਸ' ਪੰਜਾਬੀ ਸਾਹਿਤ ਦਾ ਧੜਕਦਾ ਦਿਲ ਹੈ ਅਤੇ ਸੱਭਿਆਚਾਰ ਦਾ ਗੜ੍ਹ ਵੀ। ਦੁਨੀਆਂ ਦੇ ਸਾਹਿਤ ਵਿਚ ਬਹੁਤ ਘੱਟ ਪੁਸਤਕਾਂ ਅਜਿਹੀਆਂ ਹਨ, ਜਿਹੜੀਆਂ ਸਦੀਆਂ ਤੋਂ ਹੀ ਕਿਸੇ ਖਾਸ ਖਿੱਤੇ ਦੇ ਲੋਕਾਂ ਦੀਆਂ ਰੀਝਾਂ ਤੇ ਜਜ਼ਬਾਤ ਦੀ ਤਰਜਮਾਨੀ ਕਰਦੀਆਂ, ਉਨ੍ਹਾਂ ਦੇ ਖ਼ੂਨ ਵਿਚ ਰਚਮਿੱਚ ਗਈਆਂ ਹੋਣ। ਵਾਰਿਸ ਦੀ 'ਹੀਰ' ਅਜਿਹੀ ਹੀ ਇਕ ਮਾਣਮੱਤੀ ਪੁਸਤਕ ਹੈ, ਜਿਹੜੀ ਬਿਨਾਂ ਕਿਸੇ ਨਸਲੀ ਵਿਤਕਰੇ ਤੋਂ ਵਿਸ਼ਵ ਭਰ 'ਚ ਵਸਦੇ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੀ ਹੈ।

# ਅਕਾਲ ਪੁਰਖ ਦੇ ਅਨੁਭਵੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ. ਸਤਿਨਾਮ ਸਿੰਘ ਕੋਮਲ




ਜਦੋਂ ਭੱਟ ਸ੍ਰੀ ਗਯੰਦ ਜੀ ਇਹ ਕਹਿੰਦੇ ਹਨ 'ਗੁਰੂ ਨਾਨਕ ਨਿਕਟਿ ਵਸੈ ਬਨਵਾਰੀ' ਤੇ ਪੰਚਮ ਪਾਤਸ਼ਾਹ ਜੀ ਇਨ੍ਹਾਂ ਬੋਲਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਦੇ ਹਨ ਕਿ 'ਪ੍ਰਭੂ ਗੁਰੂ ਨਾਨਕ ਪਾਤਸ਼ਾਹ ਜੀ ਦੇ ਨੇੜੇ ਵੱਸਦਾ ਹੈ'। ਤਾਂ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਅਕਾਲ ਪੁਰਖ ਵਿਚ ਕਿੰਨੀ ਕੁ ਵਿੱਥ ਸੀ ਤੇ ਗੁਰੂ ਜੀ ਬੋਲਦੇ ਹਨ ਕਿ ਸਤਿਗੁਰੂ ਤੋਂ ਬਗੈਰ ਤੇਰਾ ਕੋਈ ਬੇਲੀ ਨਹੀਂ ਜੋ ਤੇਰਾ ਇਥੇ ਵੀ ਰਖਵਾਲਾ ਹੈ ਅੱਗੇ ਦਾ ਵੀ ਰਾਖਾ ਹੈ, ਸਹਾਇਕ ਹੈ:

**ਸਤਿਗੁਰ ਬਾਝੁ ਨ ਬੇਲੀ ਕੋਈ॥ ਐਥੈ ਓਥੈ ਰਾਖਾ ਪ੍ਰਭੁ ਸੋਈ॥**

(ਪੰਨਾ ੧੦੩੧)

ਪਹਿਲੇ ਪਾਤਸ਼ਾਹ ਦੇ ਇਹ ਅਨੁਭਵੀ ਬੋਲ ਕਿ ਪ੍ਰਭੂ ਦੀ ਬੇਅੰਤਤਾ ਬਾਰੇ ਤੁਸੀਂ ਜੋ ਕਹੋਗੇ ਉਹ ਥੋੜ੍ਹਾ ਹੋਵੇਗਾ, ਲਫ਼ਜ਼ ਬੌਣੇ ਹੋਣਗੇ, ਸੋਚ ਹਲਕੀ ਹੋਵੇਗੀ:

**ਵਡਾ ਆਖਣੁ ਭਾਰਾ ਤੋਲੁ॥**
**ਹੋਰ ਹਉਲੀ ਮਤੀ ਹਉਲੇ ਬੋਲ॥**

(ਪੰਨਾ ੧੨੩੯)

ਗੁਰੂ ਬਾਬੇ ਦਾ ਅਨੁਭਵ ਹੈ ਤੇ ਉਹ ਬੜੀ ਨਿਰਮਾਣਤਾ ਅਤੇ ਅਧੀਨਤਾ ਨਾਲ ਸਵੀਕਾਰਦੇ ਹਨ ਮੈਂ ਦੁਨੀਆਂ ਦੇ ਸਭ ਮਿੱਠੇ ਪਦਾਰਥਾਂ ਦਾ ਸਵਾਦ ਵੇਖ ਲਿਆ ਹੈ ਪਰ ਤੇਰੇ ਨਾਮ ਦੇ ਤੁਲ ਕੋਈ ਨਹੀਂ। ਕੂਜਾ ਮਿਸ਼ਰੀ ਤੇ ਮੇਵੇ ਸਭ ਚੱਖ ਲਏ, ਪਰ ਤੇਰਾ ਨਾਮ ਹੀ ਅੰਮ੍ਰਿਤ ਹੈ:

**ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ॥**

(ਪੰਨਾ ੧੫੫)

ਗੁਰੂ ਸਾਹਿਬ ਸੰਸਾਰੀਆਂ ਨੂੰ ਕਹਿੰਦੇ ਹਨ ਮਨਾਂ ਦੇ ਭਰਮ-ਭੁਲੇਖੇ ਦੂਰ ਕਰ ਦਿਉ, ਪ੍ਰਭੂ ਨੂੰ ਆਪਾ ਸਮਰਪਿਤ ਕਰੋ, ਉਹ ਗਲ ਲਾਵੇਗਾ। ਜੋ ਉਸ ਦੇ ਹੋ ਜਾਂਦੇ ਹਨ, ਉਹ ਇਸ ਸੰਸਾਰ ਭਵਜਲ ਤੋਂ ਪਾਰ ਹੋ ਜਾਂਦੇ ਨੇ ਬਿਨਾਂ ਕਿਸੇ ਹਿੱਚਕ ਦੇ:

**ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ॥**
**ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ॥**

(ਪੰਨਾ ੧੦੧੫)

ਤੀਸਰੇ ਪਾਤਸ਼ਾਹ ਆਪਣੇ ਅਨੁਭਵ ਸਾਡੇ ਨਾਲ ਸਾਂਝੇ ਕਰਦੇ ਹਨ ਕਿ ਪ੍ਰਭੂ ਵਿਚ ਵਡਿਆਈਆਂ ਬਹੁਤ ਹਨ, ਗਿਣਤੀਆਂ ਦੇ ਹਿੰਦਸੇ ਮੁੱਕ ਜਾਂਦੇ ਹਨ:

**ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ॥**

(ਪੰਨਾ ੯੫੪)

ਪਰ ਨਾਲ ਹੀ ਕਹਿੰਦੇ ਹਨ ਕਿ ਗੁਰੂ ਦੀ ਸਿੱਖਿਆ ਕੋਈ ਵਿਰਲਾ ਹੀ ਲੈਂਦਾ ਹੈ ਤੇ ਇਹ ਸਿੱਖਿਆ ਲੈਣ ਵਿਚ ਉਸ ਦਾ ਉੱਦਮ ਨਹੀਂ ਹੁੰਦਾ। ਪ੍ਰਭੂ ਆਪਣੇ ਦਰੋਂ ਆਪ ਹੀ ਬਖਸ਼ਿਸ਼ ਕਰਦਾ ਹੈ:

**ਗੁਰ ਕੀ ਸਿਖ ਕੋ ਵਿਰਲਾ ਲੇਵੈ॥**
**ਨਾਨਕ ਜਿਸੁ ਆਪਿ ਵਡਿਆਈ ਦੇਵੈ॥**

(ਪੰਨਾ ੫੦੯)

ਉਨ੍ਹਾਂ ਦਾ ਅਨੁਭਵ ਹੈ ਪ੍ਰਭੂ ਨਾਲ ਜੁੜੀਆਂ ਆਤਮਾਵਾਂ ਦੀ ਨਿਸ਼ਾਨੀ ਹੈ, ਉਨ੍ਹਾਂ ਦੇ ਮੂੰਹੋਂ ਸੱਚ ਨਿਕਲਦਾ ਹੈ। ਉਸ ਸਦਾ ਸੱਚ 'ਤੇ ਹੀ ਪਹਿਰਾ ਦਿੰਦੇ ਹਨ।

**ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ॥**

(ਪੰਨਾ ੪੨੯)

ਚੌਥੇ ਪਾਤਸ਼ਾਹ ਜੀ ਤਾਂ ਉਸ ਇਲਾਹੀ ਜੋਤ ਦੀ ਗੱਲ ਕਰਦੇ ਹਨ ਕਿ ਜੋ ਸਤਿਗੁਰੂ ਅੰਦਰ ਜਗੀ ਹੈ। ਉਸ ਦਾ ਗਿਆਨ ਹੀ ਸਤਿਗੁਰੂ ਹੈ, ਪੂਜਾ ਵੀ ਸਤਿਗੁਰੂ ਹੀ ਹੈ। ਇਸ ਲਈ ਮੈਂ ਤਾਂ ਉਸ ਸਤਿਗੁਰੂ ਦੀ ਸੇਵਾ ਵਿਚ ਹਾਂ ਕਿਸੇ ਦੂਜੇ ਲਈ ਮੇਰੇ ਦਿਲ ਵਿਚ ਥਾਂ ਨਹੀਂ। ਮੈਂ ਓਸੇ ਸਤਿਗੁਰੂ ਤੋਂ ਨਾਮ ਰੂਪੀ ਰਤਨ ਪਾਇਆ ਹੈ ਤੇ ਮੈਨੂੰ ਉਸ ਦੀ ਸੇਵਾ ਚੰਗੀ ਲੱਗਦੀ ਹੈ:

**ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ॥**
**ਸਤਿਗੁਰੁ ਸੇਵੀ ਅਵਰੁ ਨ ਦੂਜਾ॥**
**ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ॥**

(ਪੰਨਾ ੧੦੬੯)

ਜਦੋਂ ਸ੍ਰੀ ਗੁਰੂ ਰਾਮਦਾਸ ਜੀ ਇਹ ਬੋਲ ਸਾਡੇ ਨਾਲ ਸਾਂਝੇ ਕਰਦੇ ਹਨ ਕਿ ਮੇਰਾ ਸਤਿਗੁਰੂ ਨਾਲ ਪਿਆਰ ਹੈ, ਉਸ ਬਗੈਰ ਹੀ ਮੇਰੀ ਮਾਤਾ ਮੈਂ ਕਿਵੇਂ ਜਿਉਂਦਾ ਰਹਿ ਸਕਦਾ ਹਾਂ। ਮੇਰਾ ਤਾਂ ਜੀਵਨ ਦਾ ਆਧਾਰ ਹੀ ਗੁਰਬਾਣੀ ਹੈ, ਗੁਰਬਾਣੀ ਨਾਲ ਅੱਠੇ ਪਹਿਰ ਜੁੜੇ ਰਹਿਣਾ ਹੀ ਮੇਰੇ ਜੀਵਨ ਦਾ ਲਕਸ਼ ਹੈ:

**ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥**
**ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥**

(ਪੰਨਾ ੭੫੯)

ਪੰਚਮ ਪਾਤਸ਼ਾਹ ਤਾਂ ਆਪਣੇ ਮਨ ਦੀ ਬਿਹਬਲਤਾ ਨੂੰ ਲਫਜ਼ਾਂ ਵਿਚ ਬਿਆਨ ਕਰਦੇ ਹਨ ਕਿ ਮੇਰਾ ਪ੍ਰਭੂ ਮਿਲਾਪ ਲਈ ਮਨ ਬਹੁਤ ਲੋਚਦਾ ਹੈ ਪਰ ਦੀਦਾਰ ਕਿਸ ਤਰ੍ਹਾਂ ਨਸੀਬ ਹੋਵੇ। ਪਰ ਜੇ ਪ੍ਰਭੂ ਤੂੰ ਇਕ ਵਾਰੀ ਵੀ ਹਾਕ ਮਾਰ ਦੇਵੇਂ ਤਾਂ ਲੱਖਾਂ ਰੁਪਏ ਮੁਜਰਾਈ ਪਾ ਲਵਾਂ:

**ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥**
**ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ॥**

(ਪੰਨਾ ੧੦੯੮)

ਉਸ ਮਨੁੱਖ ਨੂੰ ਮੁਕਤੀ ਦੀ ਜ਼ਰੂਰਤ ਹੀ ਨਹੀਂ, ਜਿਸ ਨੂੰ ਸਤਿਗੁਰੂ ਚੰਗਾ ਮਿਲ ਗਿਆ:

**ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ॥**

(ਪੰਨਾ ੧੩੦੫)

ਗੁਰੂ ਸਾਹਿਬ ਅੱਗੇ ਸਾਡੇ ਲਈ ਹੋਰ ਉਚਾਰਦੇ ਹਨ ਕਿ ਮੇਰੇ ਮਨ ਦੀ ਹਾਲਤ ਇਹ ਹੋ ਗਈ ਹੈ ਕਿ ਉਹ ਸਾਰੇ ਥਾਈਂ ਸੋਹੰਦਾ ਹੈ, ਉਸ ਬਗੈਰ ਕੋਈ ਦੂਜਾ ਨਹੀਂ ਦਿੱਸਦਾ, ਇਹ ਸੋਝੀ ਮੈਨੂੰ ਤਦ ਹੀ ਹੋਈ, ਮੇਰੇ ਮੱਥੇ ਵਿਚ ਚਾਨਣ ਉਦੋਂ ਹੀ ਹੋਇਆ ਜਦੋਂ ਆਪਾ ਮੈਂ ਸਤਿਗੁਰੂ ਨੂੰ ਸਮਰਪਿਤ ਕਰ ਦਿੱਤਾ:

**ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ॥**
**ਖੁਲ੍ੜੇ ਕਪਾਟ ਨਾਨਕ ਸਤਿਗੁਰ ਭੇਟਤੇ॥**

(ਪੰਨਾ ੮੦)

ਤੇ ਫਿਰ ਕਹਿ ਉੱਠਦੇ ਹਨ ਕਿ ਪ੍ਰਭੂ ਜਸ ਕੰਨਾਂ ਨਾਲ ਸੁਣੀਏ ਤੇ ਜੀਭਾ ਨਾਲ ਗਾਵੀਏ। ਹਿਰਦੇ ਵਿਚ ਉਸ ਨੂੰ ਵਸਾਈਏ, ਧਿਆਈਏ, ਜੋ ਸਭ ਕੁਝ ਕਰਨ ਦੇ ਸਮਰੱਥ ਹੈ। ਉਸ ਦੇ ਦਰ 'ਤੇ ਝੁਕਣਾ ਵਿਅਰਥ ਨਹੀਂ ਹੈ ਸਗੋਂ ਸਫਲਾ ਹੈ:

**ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ॥**
**ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ॥**

(ਪੰਨਾ ੬੧੧)

ਗੁਰੂ ਸਾਹਿਬ ਨੇ ਸਿਰੇ ਦੀ ਗੱਲ ਕਹਿ ਦਿੱਤੀ ਕਿ ਜੇ ਤੂੰ ਪ੍ਰਭੂ ਨਾਲ ਜੁੜੇਂਗਾ ਤਾਂ ਸਭ ਤੇਰੇ ਆਪਣੇ ਹੋਣਗੇ, ਜੇ ਉਸ ਨਾਲ ਜੁੜਿਆ ਰਹੇਂਗਾ ਤਾਂ ਤੇਰਾ ਚਿੱਤ ਵੀ ਸਥਿਰ ਰਹੇਗਾ। ਕਦੀ ਸ਼ੱਕ ਤੇ ਕਦੀ ਸ਼ਰਧਾ, ਕਦੀ ਸ਼ਰਧਾ ਕਦੀ ਸ਼ੱਕ ਵਾਲੀ ਅਵਸਥਾ ਨਹੀਂ ਹੋਵੇਗੀ:

**ਹਰਿ ਸਿਉ ਜੁਰੈ ਤ ਸਭੁ ਕੋ ਮੀਤੁ॥**
**ਹਰਿ ਸਿਉ ਜੁਰੈ ਤ ਨਿਹਚਲੁ ਚੀਤੁ॥**

(ਪੰਨਾ ੨੩੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਗੁਰੂ ਸਾਹਿਬਾਨ ਦੇ ਅਨੁਭਵੀ ਬੋਲ ਹਨ, ਖਸਮ ਦੇ ਬੋਲ ਹਨ ਧੁਰ ਕੀ ਬਾਣੀ ਹੈ। ਜੋ ਉੱਚੀ ਅਵਸਥਾ ਵਿਚ ਸਿਰਜਣਾ ਦੇ ਪਲਾਂ ਵਿਚ ਉਚਾਰੇ ਗਏ। ਅਸੀਂ ਉਸ ਅਵਸਥਾ ਵਿਚ ਤਾਂ ਨਹੀਂ ਪਹੁੰਚ ਸਕਦੇ ਪਰ ਉਨ੍ਹਾਂ ਬੋਲਾਂ ਦੇ ਆਸਰੇ ਪ੍ਰਭੂ ਪ੍ਰਾਪਤੀ ਲਈ ਯਤਨ ਕਰ ਸਕਦੇ ਹਾਂ। ਉਹ ਆਪ ਤਾਂ ਤਰੇ ਹੋਏ ਸਨ ਸਾਡੇ ਲਈ ਬਾਣੀ ਦਾ ਬੋਹਿਥ ਦੇ ਗਏ ਤਾਂ ਕਿ ਅਸੀਂ ਵੀ ਇਸ ਆਸਰੇ ਇਸ ਭਵ-ਜਲ ਤੋਂ ਪਾਰ ਹੋ ਸਕੀਏ। ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਅਸੀਂ ਨਿਤ ਅਰਦਾਸ ਵਿਚ ਕਹਿੰਦੇ ਹਾਂ। 'ਪੋਥੀ ਪਰਮੇਸੁਰ ਕਾ ਥਾਨੁ' ਦਾ ਲਕਬ ਦਿੱਤਾ ਹੈ। ਜੋ ਗੁਰੂ ਸਾਹਿਬਾਨ ਨੂੰ ਪ੍ਰਭੂ ਦਰੋਂ ਇਹ ਬੋਲ ਪ੍ਰਾਪਤ ਹੋਏ ਕਿ ਇਹ ਗੁਰੂ ਸਾਹਿਬਾਨ ਦਾ ਅਨੁਭਵ ਸੀ। ਇਹ ਅਨੁਭਵੀ ਬੋਲ ਜੁਗਾਂ ਦੇ ਪੈਂਡਿਆਂ ਤੋਂ ਬਾਅਦ ਵੀ ਹਨੇਰੇ ਹਿਰਦਿਆਂ ਲਈ ਰਾਹ ਦਸੇਰੇ ਹੋਣਗੇ। ਪਹਿਲਾਂ ਵੀ ਰਹੇ ਨੇ, ਹੁਣ ਵੀ ਨੇ ਤੇ ਰਹਿਣਗੇ ਵੀ। ਹਰੇਕ ਗੁਰੂ ਨਾਨਕ ਨਾਮ ਲੇਵਾ ਮਾਣ ਨਾਲ ਕਹਿ ਸਕਦਾ ਹੈ ਕਿ ਅਕਾਲ ਪੁਰਖ ਦਾ ਅਨੁਭਵੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣੀਏ



ਬਲਵਿੰਦਰ ਸਿੰਘ
ਕੋਟਕਪੂਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ 1601 ਈ. ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਆਰੰਭ ਕਰਵਾਈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਰਾਮਸਰ ਸਰੋਵਰ ਕੰਢੇ ਕੋਲ ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਵਾਉਣ ਦਾ ਕਾਰਜ ਕਰਵਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ 1604 ਈ. ਨੂੰ ਹੋਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 36 ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ 1430 ਪੰਨੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ ਛੇ ਗੁਰੂ ਸਾਹਿਬਾਨ ਦੀ ਉਚਾਰੀ ਹੋਈ ਬਾਣੀ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 15 ਭਗਤਾਂ ਦੀ ਬਾਣੀ ਉਚਾਰੀ ਹੋਈ ਮਿਲਦੀ ਹੈ।

ਇਸ ਵਿਚ ਕੁਲ 31 ਰਾਗ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ ਦਰਜ ਵਾਰਾਂ 22 ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 4 ਗੁਰੂਆਂ ਦੀਆਂ ਵਾਰਾਂ ਮਿਲਦੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 9 ਧੁਨੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 11 ਭੱਟਾਂ ਦੀ ਬਾਣੀ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਥਾਪੇ ਗਏ ਸਨ।

ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਗੁਰੂ ਜੀ ਦੀ ਬਾਣੀ ਦਰਜ ਕਰਵਾਈ।

ਇਸ ਵਿਚ ਸੰਪੂਰਨ ਮੂਲ ਮੰਤਰ ਦੇ 33 ਵਾਰ ਦਰਸ਼ਨ ਹੁੰਦੇ ਹਨ।

ਇਸ ਵਿਚ ਬ੍ਰਿਜ, ਹਿੰਦੀ, ਪੰਜਾਬੀ, ਮਰਾਠੀ, ਗੁਜਰਾਤੀ, ਅਰਬੀ, ਫ਼ਾਰਸੀ ਅਤੇ ਉਰਦੂ ਆਦਿ ਭਾਸ਼ਾਵਾਂ ਵਰਤੀਆਂ ਗਈਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀਆਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਇਸ ਦੇ ਪਹਿਲੇ ਭਾਗ ਵਿਚ ਨਿਤਨੇਮ ਦੀਆਂ ਬਾਣੀਆਂ, ਦੂਜੇ ਵਿਚ ਰਾਗ ਬੱਧ ਬਾਣੀ ਤੇ ਤੀਜੇ ਵਿਚ ਰਾਗ ਰਹਿਤ ਬਾਣੀਆਂ ਹਨ।

ਇਸ ਵਿਚ ਬਾਰਹਮਾਹਾ ਦੋ ਤਰ੍ਹਾਂ ਦੇ ਮਿਲਦੇ ਹਨ।

ਜੋ ਇਸ ਵਿਚ 14 ਅੰਗ ਤੋਂ ਲੈ ਕੇ 1352 ਅੰਗ ਤੱਕ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵੱਡਾ ਰਾਗ ਗਾਉੜੀ ਅਤੇ ਛੋਟਾ ਰਾਗ ਜੈਜਾਵੰਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਸਿੱਧ ਸਿਰਲੇਖਾਂ ਵਾਲੀਆਂ ਬਾਣੀਆਂ ਜਪੁ, ਸੋ ਦਰ, ਸੋਹਿਲਾ, ਵਣਜਾਰਾ, ਕਰਹਲੇ, ਸੁਖਮਨੀ ਸਾਹਿਬ, ਬਿਰਹੜੇ, ਅਲਾਹੁਣੀਆਂ, ਆਰਤੀ, ਕੁਚਜੀ, ਸੁਚਜੀ ਗੁਣਵੰਤੀ, ਘੋੜੀਆਂ, ਪਹਰੇ, ਅਨੰਦੁ, ਓਅੰਕਾਰ, ਸਿੱਧ ਗੋਸ਼ਟਿ, ਅੰਜੁਲੀਆ, ਮੁੰਦਾਵਣੀ ਅਤੇ ਰਾਗਮਾਲਾ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਾਵਿ ਰੂਪ ਸਿਰਲੇਖ ਪਦਾ, ਅਸਟਪਦੀ, ਸੋਹਲੇ, ਛੰਤ, ਸਲੋਕ, ਵਾਰ, ਮੰਗਲ, ਥਿਤੀ, ਦਿਨ ਰੈਣਿ, ਵਾਰ ਸਤੁ, ਰੁਤੀ, ਬਾਰਹਮਾਹਾ, ਪਟੀ, ਬਾਵਨ ਅੱਖਰੀ, ਸਦੁ, ਕਾਫੀ, ਡਖਣਾ, ਗਾਥਾ, ਫੁਨਹੇ, ਸਲੋਕ, ਸਹਸਕ੍ਰਿਤੀ, ਸਲੋਕ ਵਾਰਾਂ ਤੇ ਵਧੀਕ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 13 ਰਾਗ ਮੁਕਤ ਸਿਰਲੇਖ ਵਾਲੀਆਂ ਬਾਣੀਆਂ ਹਨ।

ਯੁੱਗੋ-ਯੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਹਨ।

**ਕਹਾਣੀ**

# ਸਿਦਕਾਂ ਦਾ ਸਿਰਨਾਵਾਂ

**ਡਾ. ਗੁਰਮਿੰਦਰ ਸਿੱਧੂ**

ਬਚਪਨ ਦੀਆਂ ਮਸਤੀਆਂ ਭਰਿਆ ਰਾਂਗਲਾ ਮੌਸਮ ਸੀ, ਮੈਂ ਤੇ ਮੇਰੀ ਛੋਟੀ ਭੈਣ ਨਲਕੇ ਲਾਗੇ ਪਏ ਗਿੱਲੀ ਰੇਤ ਦੇ ਢੇਰ ਕੋਲ ਘਰ-ਘਰ ਖੇਡ ਰਹੀਆਂ ਸਾਂ। ਆਪਣੇ ਇਕ-ਇਕ ਪੈਰ ਉੱਤੇ ਰੇਤ ਜਮਾ ਕੇ ਤੇ ਫਿਰ ਪੋਲੇ ਜਿਹੇ ਡੱਬ ਨਾਲ ਪੈਰ ਬਾਹਰ ਕੱਢ ਕੇ ਅਸੀਂ ਦੋ ਕਮਰੇ ਉਸਾਰ ਲਏ ਸਨ। ਨਿੰਮ ਦੇ ਡੱਕਿਆਂ ਨੂੰ ਬੰਨ੍ਹ ਕੇ ਤਿਆਰ ਕੀਤੀ ਗਿੱਠ ਕੁ ਲੰਬੀ ਸੂਹਣ ਨਾਲ ਚੌਗਿਰਦੇ ਨੂੰ ਬੁਹਾਰਿਆ ਸੀ। ਰੇਤ ਦੀਆਂ ਮਧਰੀਆਂ ਜਿਹੀਆਂ ਵੱਟਾਂ ਬਣਾ ਕੇ ਵਿਹੜੇ ਦੀਆਂ ਕੰਧਾਂ ਖੜ੍ਹੀਆਂ ਕਰ ਲਈਆਂ ਸਨ, ਚੱਪਾ ਕੁ ਜਿੰਨਾ ਖੱਪਾ ਗੇਟ ਵਜੋਂ ਛੱਡ ਲਿਆ ਸੀ, ਇਕ ਗੁੱਠੇ ਕੰਧੋਲੀ ਵੀ ਬਣਾ ਲਈ ਸੀ। ਚੀਕਣੀ ਮਿੱਟੀ ਗੋ-ਗੋ ਕੇ ਢਾਲੇ ਅਤੇ ਸੁਕਾਏ ਖਿਡੌਣਿਆਂ-ਹਾਰ ਚੁੱਲ੍ਹੇ-ਭੜੋਲੀਆਂ ਤੇ ਭਾਂਡੇ ਪਹਿਲਾਂ ਹੀ ਸਾਨੂੰ ਮਿਲੇ ਹੋਏ ਸਨ। ਮਾਚਿਸ ਦੀਆਂ ਖਾਲੀ ਡੱਬੀਆਂ ਦੇ ਪੇਟੀਆਂ ਸੰਦੂਕ ਸਨ, ਫੇਰੀ ਵਾਲੇ ਭਾਈ ਤੋਂ ਖਰੀਦੀ ਚੀਨੀ ਦੀ ਇਕ ਗਾਂ ਤੇ ਵੱਛਾ ਵੀ ਸੀ, ਹੋਰ ਵੀ ਕਈ ਕੁੱਝ ਸੀ। ਅਸੀਂ ਸਾਰਾ ਮਾਲ ਥਾਉਂ-ਥਾਈਂ ਟਿਕਾ ਰਹੀਆਂ ਸਾਂ ਕਿ ਕਿ ਬੀਹੀ ਵਿੱਚੋਂ ਆਪਣੇ ਨਾਂ ਦਾ ਹੋਕਰਾ ਸੁਣਿਆ, ਅਜੇ ਮੈਂ ਉਧਰ ਨੂੰ ਕੰਨ ਚੁੱਕੇ ਹੀ ਸੀ ਕਿ ਧੜੱਕ ਦੇ ਕੇ ਦਰਵਾਜ਼ਾ ਖੁੱਲ੍ਹ ਗਿਆ, "ਥੋਡੇ ਪਾਪਾ ਜੀ ਆ' ਗੇ... ਪਾਪਾ ਜੀ ਆ' ਗੇ"

ਕੂਕਦਾ ਸਾਡਾ ਚਚੇਰਾ ਭਰਾ ਹੌਂਕਦਾ ਹੋਇਆ ਅੰਦਰ ਆ ਵੜਿਆ, ਉਹ ਬੱਸ-ਅੱਡੇ ਵੱਲੋਂ ਸਿਰਤੋੜ ਭੱਜਿਆ ਆਇਆ ਸੀ ਤੇ ਏਨਾ ਕੁ ਦੱਸ ਕੇ ਫਿਰ ਪਿਛੇ ਵੱਲ ਸ਼ੂਟ ਵੱਟ ਗਿਆ। ਅਸੀਂ ਦੋਵੇਂ ਵੀ ਸਭ ਕੁਝ ਉਵੇਂ ਜਿਵੇਂ ਛੱਡ ਕੇ ਉਧਰ ਨੂੰ ਦੌੜ ਪਈਆਂ। ਸਾਹਮਣੇ ਪਿਆ ਪਿੱਤਲ ਦਾ ਲੋਟਾ ਮੇਰੇ ਠੁੱਡੇ ਨਾਲ ਟੰਨ-ਟੰਨ ਕਰਦਾ ਅੱਗੇ ਅੱਗੇ ਦੌੜਿਆ ਤੇ ਫਿਰ ਇਕ ਪਾਸੇ ਲੁੜ੍ਹਕ ਗਿਆ। ਅੱਡੇ ਤੋਂ ਉਰੇ ਹੀ ਇਕ ਜੱਥਾ ਤੁਰਿਆ ਆਉਂਦਾ ਸੀ, ਸਿਰ ਉੱਤੇ ਟਰੰਕ ਚੁੱਕੀ ਨਿੱਧਰਿਆਂ ਦਾ 'ਗੇਂਦੀ', ਪਿੱਛੇ ਪਿੱਛੇ ਮੋਢੇ ਉੱਤੇ ਬੈਗ ਲਟਕਾਈ ਫੌਜੀ ਵਰਦੀ ਵਿੱਚ ਪਾਪਾ ਜੀ ਸੂਬੇਦਾਰ ਮੇਜਰ ਕਰਨੈਲ ਸਿੰਘ, ਉਨ੍ਹਾਂ ਦੇ ਆਸੇ-ਪਾਸੇ ਪਿੰਡ ਵਿੱਚੋਂ ਲੱਗਦੇ ਸਾਡੇ ਤਾਏ, ਚਾਚੇ, ਭਰਾ, ਬਾਬੇ ਤੇ ਮਗਰ ਖੜਮਸਤੀਆਂ ਕਰਦੇ ਆਉਂਦੇ ਸਾਡੇ ਹਾਣੀ। ਅਸੀਂ ਇਕ ਦੂਜੇ ਤੋਂ ਮੂਹਰੇ ਭੱਜ ਕੇ ਪਾਪਾ ਜੀ ਨੂੰ ਚਿੰਬੜ ਗਈਆਂ।

"ਓਇ ਬੱਲੇ ਬੱਲੇ..." ਕਹਿੰਦਿਆਂ ਉਨ੍ਹਾਂ ਸਾਨੂੰ ਘੁੱਟ ਕੇ ਸੀਨੇ ਨਾਲ ਲਾਇਆ ਤੇ ਫਿਰ ਹੱਸਦਿਆਂ-ਹੱਸਦਿਆਂ ਬਗਲਾਂ ਤੋਂ ਚੁੱਕ ਕੇ ਹੂਟਾ ਜਿਹਾ ਦੇ ਦਿੱਤਾ। ਹੁਣ ਉਨ੍ਹਾਂ ਦੀ ਸੱਜੀ ਖੱਬੀ ਬਾਂਹ ਨਾਲ ਝੂਲ-ਝੂਲ ਕੇ ਮੜਕ ਨਾਲ ਪੱਬ ਚੁੱਕਦੀਆਂ ਅਸੀਂ ਜਿਵੇਂ ਕੋਈ ਰਾਜਕੁਮਾਰੀਆਂ ਸਾਂ। ਬੇਬੇ ਹੋਰਾਂ ਨੇ ਬੈਠਕ ਖੋਲ੍ਹ ਕੇ ਵਾਧੂ ਕੁਰਸੀਆਂ ਮੂੜ੍ਹੇ ਡਾਹ ਦਿੱਤੇ ਸਨ, ਸਾਰੇ ਜਣੇ ਆ ਕੇ ਉਥੇ ਸੱਜ ਗਏ। ਪਹਿਲਾਂ ਖ਼ੈਰ-ਸੁੱਖ ਪੁੱਛਣ ਵਰਗੀਆਂ ਗੱਲਾਂ-ਬਾਤਾਂ ਤੇ ਫਿਰ ਠਹਾਕਿਆਂ ਦੇ ਫੁਹਾਰੇ ਫੁੱਟਣ ਲੱਗੇ। ਲੂੰਬੇ ਵਾਲੇ ਚੁੱਲ੍ਹੇ ਉੱਤੇ ਧਰੀ ਵਲਟੋਹੀ ਵਿੱਚ ਚਾਹ ਉੱਬਲਣ ਲੱਗ ਪਈ ਸੀ, ਬੀਜੀ ਤੇ ਭੂਆ ਜੀ ਚੌਂਕੇ ਵਿੱਚ ਆਹਰ-ਪਾਹਰ ਕਰ ਰਹੀਆਂ ਸਨ, ਅਸੀਂ ਦੋਵੇਂ ਭੈਣਾਂ ਕਾਂਸੀ ਦੇ ਥਾਲਾਂ ਵਿੱਚ ਪਾਣੀ ਦੇ ਗਲਾਸ ਤੇ ਚਾਹ ਦੀਆਂ ਪਿਆਲੀਆਂ ਟਿਕਾ ਕੇ ਬੈਠਕ ਅਤੇ ਚੌਂਕੇ ਵਿਚਾਲੇ ਭੰਬੀਰੀਆਂ ਬਣੀਆਂ ਹੋਈਆਂ ਸਾਂ। ਉਹ ਰੂਹਾਂ ਨੂੰ ਰੰਗਣ ਵਾਲਾ ਕੋਈ ਅਲਬੇਲਾ ਆਲਮ ਸੀ, ਅਸੀਂ ਚਾਅ ਨਾਲ ਲਟਬੌਰੀਆਂ ਹੋ ਰਹੀਆਂ ਸਾਂ, ਘਰ ਹੋਰ ਦਾ ਹੋਰ ਬਣ ਗਿਆ ਸੀ, ਘਰ ਵਿੱਚ ਹਾਸਿਆਂ ਦੀ ਰੁੱਤ ਉੱਤਰ ਆਈ ਸੀ।

ਇਹ ਰੁੱਤ ਹਰ ਸਾਲ ਆਉਂਦੀ, ਸਾਰੇ ਅਗਵਾੜ, ਸਗੋਂ ਸਾਰੇ ਪਿੰਡ ਵਿੱਚ, ਕਿਸੇ ਚਿਰ-ਉਡੀਕੇ ਉਤਸਵ ਵਾਂਗ, ਜਦੋਂ ਪਾਪਾ ਜੀ ਫੌਜ ਵਿੱਚੋਂ ਦੋ ਮਹੀਨੇ ਦੀ ਛੁੱਟੀ ਆਉਂਦੇ ਸਨ। ਉਹਨੀਂ ਦਿਨੀਂ ਘਰ ਵਿੱਚ ਹਰ ਵਕਤ ਗਹਿਮਾ-ਗਹਿਮੀ ਰਹਿੰਦੀ, ਇਕ ਤੁਰਦਾ, ਦੂਜਾ ਆ ਜਾਂਦਾ, ਚਾਹ ਦਾ ਦੇਗਾ ਚੜ੍ਹਿਆ ਰਹਿੰਦਾ, ਮੀਟ-ਮੁਰਗਾ ਰਿੱਝਦੇ ਰਹਿੰਦੇ, ਚੁੱਲੇ ਉੱਤੇ ਮੰਡਿਆਂ ਦੀਆਂ ਥੱਬੀਆਂ ਲਹਿੰਦੀਆਂ, ਬੈਠਕ ਵਿੱਚ ਫੌਜ ਦੇ ਕਿੱਸੇ-ਕਹਾਣੀਆਂ ਤੇ ਪਿੰਡ ਦੇ ਦੁੱਖ-ਸੁਖ ਚਰਚਿਤ ਹੁੰਦੇ, ਵਿਹੜਾ ਕਹਿਕਹਿਆਂ ਨਾਲ ਛਣਕਦਾ ਰਹਿੰਦਾ। ਪਾਪਾ ਜੀ ਦੇ ਜਾਂਦਿਆਂ ਹੀ ਉੱਛਲ-ਉੱਛਲ ਕੇ ਵਗਦੀਆਂ ਲਹਿਰਾਂ ਠਹਿਰਾਅ ਵਿੱਚ ਆ ਜਾਂਦੀਆਂ, ਘਰ ਇਕ ਸ਼ਾਂਤ ਸਮੁੰਦਰ ਹੋ ਜਾਂਦਾ, ਜ਼ਿੰਦਗੀ ਆਪਣੀ ਪਹਿਲੀ ਤੋਰੇ ਤੁਰਨ ਲੱਗਦੀ। ਆਪਣੀ ਸਖੀਆਂ ਦੇ ਬਾਪੂਆਂ ਨੂੰ ਪਿੰਡ ਵਿੱਚ ਘੁੰਮਦੇ-ਫਿਰਦੇ ਦੇਖ ਕੇ ਅਸੀਂ ਮਸੋਸੀਆਂ ਜਿਹੀਆਂ ਜਾਂਦੀਆਂ, ਆਪਣਾ ਕੋਈ ਹਿੱਸਾ ਗੁਆਚ ਗਿਆ ਲੱਗਦਾ। ਪਰ ਪਾਪਾ ਜੀ ਜਦੋਂ ਆਉਂਦੇ ਅਗਲੀ ਪਿਛਲੀ ਸਾਰੀ ਕਸਰ ਕੱਢ ਦਿੰਦੇ, ਗੱਲੇ-ਕੱਥੇ ਪਿਆਰ ਲੁਟਾਉਂਦੇ, ਸਾਨੂੰ ਦੋਵਾਂ ਭੈਣਾਂ ਨੂੰ ਸੈਰਾਂ ਕਰਵਾਉਂਦੇ, ਏਨੀਆਂ ਸੈਰਾਂ... ਕਿ ਸਾਡੀਆਂ ਸਖੀਆਂ ਸਾਡੇ ਵੱਲ ਹਸਰਤ ਜਿਹੀ ਨਾਲ ਝਾਂਕਦੀਆਂ, ਉਨ੍ਹਾਂ ਦੇ ਬਾਪੂ ਪਾਪਾ ਜੀ ਵਾਂਗ ਲਾਡੀਆਂ-ਮਾਡੀਆਂ ਵੀ ਤਾਂ ਨਹੀਂ ਕਰਦੇ ਸਨ। ਪਾਪਾ ਜੀ ਦੇ ਲਿਆਂਦੇ ਕੱਚ ਦੇ ਜਾਰਾਂ ਵਿਚਲੀਆਂ ਜੈਮ-ਗੋਲੀਆਂ ਤੇ ਅਖਰੋਟਾਂ ਦੀਆਂ ਮੁੱਠਾਂ ਭਰ-ਭਰ ਕੇ ਬਾਲਾਂ ਨੂੰ ਵੰਡਦੀ ਮਾਂ ਕੋਈ ਸ਼ਾਹਣੀ ਹੁੰਦੀ। ਜਦੋਂ ਉਹ ਟੀਨ ਦੇ ਡੱਬੇ ਖੋਲ੍ਹ ਕੇ ਰਸ-ਭਿੱਜੇ ਅਨਾਨਾਸ ਦੀਆਂ ਗੋਲ-ਗੋਲ ਟੁਕੜੀਆਂ ਵਰਤਾਉਂਦੇ ਤਾਂ ਚੂਸ-ਚੂਸ ਕੇ ਖਾਂਦੀਆਂ ਨੂੰ ਸਾਨੂੰ ਪੂਰੀ ਕਾਇਨਾਤ ਸੁਆਦ-ਸੁਆਦ ਲੱਗਦੀ। ਉਨ੍ਹਾਂ ਦੇ ਜਾਣ ਬਾਅਦ ਵੀ ਇਹ ਵਾਤੀਆਂ ਹਾਣੀਆਂ ਵਿੱਚ ਸਾਡੀ ਸਰਦਾਰੀ ਬੁਲੰਦ ਰੱਖਦੀਆਂ ਸਨ। ਨੇੜਲੀ ਕਿਸੇ ਛਾਉਣੀ ਵਿੱਚ ਉਨ੍ਹਾਂ ਨੂੰ ਕੁਆਟਰ ਮਿਲਿਆ ਹੁੰਦਾ ਤਾਂ ਵੱਡੇ ਦਿਨਾਂ ਦੀਆਂ ਛੁੱਟੀਆਂ ਉਨ੍ਹਾਂ ਕੋਲ ਹੀ ਗੁਜ਼ਰਦੀਆਂ। ਸਾਡੇ ਜਾਂਦਿਆਂ ਹੀ ਉਹ ਭਾਨ ਨਾਲ ਨੱਕੋ-ਨੱਕ ਭਰਿਆ ਡੋਰਿਆਂ-ਕਟਾਵਾਂ ਵਾਲਾ ਝੋਲਾ ਮੇਰੇ ਹੱਥ ਫੜਾ ਦਿੰਦੇ, ਅਸੀਂ ਨਿੱਤ ਉਹਦੇ ਵਿੱਚੋਂ ਪੈਸੇ ਕੱਢਦੀਆਂ, ਸਹੇਲੀਆਂ ਨਾਲ ਨੇੜਲੀਆਂ ਦੁਕਾਨਾਂ ਤੋਂ ਅੰਬ-ਪਾਪੜ ਤੇ ਹੋਰ ਚਟਪਟੀਆਂ ਚੀਜ਼ਾਂ ਖਰੀਦਦੀਆਂ ਤੇ ਚਟਾਖੇ ਮਾਰ-ਮਾਰ ਖਾਂਦੀਆਂ, ਕਦੀ ਬਲੌਰੀ ਬੰਟੇ ਖਰੀਦ ਕੇ ਪਿਲ-ਚੋਟ ਖੇਡਦੀਆਂ ਰਹਿੰਦੀਆਂ। ਛੁੱਟੀਆਂ ਮੁੱਕ ਜਾਂਦੀਆਂ, ਪਰ ਇਹ ਭਾਨ ਨਾ ਮੁੱਕਦੀ, ਆਉਣ ਵੇਲੇ ਮੈਂ ਇਹ ਅੱਧ-ਖਾਲੀ ਜਿਹਾ ਝੋਲਾ ਉਨ੍ਹਾਂ ਨੂੰ ਫੜਾ ਦਿੰਦੀ ਤੇ ਉਹ 'ਹਈ ਸ਼ਾਵਾਸ਼ੇ...' ਕਹਿੰਦੇ ਹੋਏ ਇਹਨੂੰ ਆਪਣੀ

ਅਲਮਾਰੀ ਦੇ ਉਪਰਲੇ ਖਾਨੇ ਵਿੱਚ ਰੱਖ ਦਿੰਦੇ। ਯਾਦਾਂ ਦੀ ਭਾਨ ਆਪਣੇ ਅੰਦਰ ਸਮੇਟੀ ਬੈਠਾ ਉਹ ਘਸਮੈਲਾ ਹੋ ਚੁੱਕਾ ਝੋਲਾ ਅਜੇ ਤੱਕ ਮੇਰੇ ਕੋਲ ਸਾਂਭਿਆ ਪਿਆ ਹੈ।

ਛਾਉਣੀਆਂ ਵਿੱਚ ਵੀ ਉਨ੍ਹਾਂ ਦੀ ਵਾਹਵਾ ਭੱਲ ਸੀ, ਸਾਡੇ ਉਥੇ ਜਾਣ ਵੇਲੇ ਘਰ-ਘਰ ਰੋਟੀਆਂ ਭੇਜੀਆਂ ਜਾਂਦੀਆਂ, ਫ਼ੌਜੀ ਅੰਕਲ ਤੇ ਅਰਦਲੀ ਨੂੰ ਉਨ੍ਹਾਂ ਦੀ ਬੀਰਤਾ ਤੇ ਭਾਈਚਾਰਕ ਸਾਂਝ ਦੇ ਕਿੱਸੇ ਸੁਣਾਉਂਦੇ ਰਹਿੰਦੇ।

ਸਹੇਲੀਆਂ ਦੀ ਰੀਸੇ ਅਸੀਂ ਉਨ੍ਹਾਂ ਨੂੰ ਕਦੀ 'ਪਾਪਾ ਜੀ', ਕਦੀ 'ਬਾਪੂ ਜੀ', ਕਦੀ 'ਬਾਊ ਜੀ' ਤੇ ਕਦੀ 'ਭਾਪਾ ਜੀ' ਆਖਦੀਆਂ, ਪਰ ਉਨ੍ਹਾਂ ਨੇ ਕਦੀ ਵੀ ਨਹੀਂ ਸੀ ਟੋਕਿਆ, ਸਗੋਂ ਜੋ ਕੁੱਝ ਅਸੀਂ ਬਣਾਉਣਾ ਚਾਹਿਆ ਸੀ, ਉਹੀ ਉਹ ਬਣ ਗਏ ਸਨ।

ਮੇਰਾ ਗਿਆਨ-ਬੋਧ ਵਸੀਹ ਕਰਨ ਲਈ ਉਨ੍ਹਾਂ ਨੇ ਮੇਰੇ ਨਿੱਕੀ ਹੁੰਦੀ ਤੋਂ ਹੀ ਯੋਜਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਜੇ ਅੱਖਰ ਉਠਾਉਣੇ ਹੀ ਸਿੱਖੇ ਸੀ ਮੈਂ, ਕਿ ਉਨ੍ਹਾਂ ਨੇ 'ਬਾਲ ਸੰਦੇਸ਼', 'ਬਾਲਕ', 'ਕੋਮਲ ਸੰਸਾਰ' ਰਿਸਾਲੇ ਲਗਵਾ ਦਿੱਤੇ, ਵੱਡੀ ਹੋਈ ਤਾਂ ਇਹ 'ਪ੍ਰੀਤ ਲੜੀ', 'ਆਰਸੀ', 'ਕਵਿਤਾ' ਵਿੱਚ ਵਟ ਗਏ।

ਜਦੋਂ ਮੈਂ ਖ਼ੁਦ ਕਵਿਤਾ ਲਿਖਨ ਲੱਗੀ ਤਾਂ ਉਨ੍ਹਾਂ ਵੱਲੋਂ ਮਿਲਦੀ 'ਹੱਲਾਸ਼ੇਰੀ' ਮੇਰੇ ਪਰਾਂ ਵਿਚ ਹੋਰ ਉਚੇਰੀ ਪਰਵਾਜ਼ ਧਰ ਦਿੰਦੀ। ਮੇਰੇ ਉਡਾਰ ਹੋਣ ਤੱਕ ਤਾਂ ਉਹ ਸੇਵਾ-ਮੁਕਤ ਹੋ ਕੇ ਘਰ ਵੀ ਆ ਗਏ ਸਨ। ਮੇਰੀਆਂ ਛਪੀਆਂ ਰਚਨਾਵਾਂ ਵਾਲੇ ਅਖ਼ਬਾਰ ਕੱਛੇ ਮਾਰ ਕੇ ਸਾਰੇ ਪਿੰਡ ਵਾਸੀਆਂ ਨੂੰ ਹੁੱਬ-ਹੁੱਬ ਕੇ ਦਿਖਾਉਂਦੇ ਫਿਰਦੇ। ਜਿਸ ਦਿਨ ਰੇਡੀਓ/ਦੂਰਦਰਸ਼ਨ ਉੱਤੇ ਮੇਰਾ ਪ੍ਰੋਗਰਾਮ ਆਉਣਾ ਹੁੰਦਾ, ਉਸ ਦਿਨ ਤਾਂ ਗਿੱਠ-ਗਿੱਠ ਉੱਚੇ ਹੋ ਕੇ ਤੁਰਦੇ ਹੋਏ ਆਂਢੀਆਂ-ਗੁਆਂਢੀਆਂ ਨੂੰ ਦੱਸਦੇ, ਦੂਰ-ਦੁਰਾਡੇ ਦੇ ਰਿਸ਼ਤੇਦਾਰਾਂ ਨੂੰ ਵੀ ਉਸ ਸਮੇਂ ਰੇਡੀਓ/ਟੀ.ਵੀ. ਲਗਾਉਣ ਵਾਸਤੇ ਸੁਨੇਹੇ ਭੇਜਦੇ। ਉਹ ਆਪ ਵੀ ਸ਼ੇਅਰੋ-ਸ਼ਾਇਰੀ ਦਾ ਅਮੁੱਕ ਜ਼ਖੀਰਾ ਸਨ, ਐਨ ਵਕਤ ਸਿਰ ਬੋਲਿਆ ਉਨ੍ਹਾਂ ਦਾ ਢੁਕਵਾਂ ਸ਼ਿਅਰ ਸੁਣਨ ਵਾਲਿਆਂ ਨੂੰ ਦੰਗ ਕਰ ਦਿੰਦਾ। ਪਿੰਡ ਦੇ ਮੁੰਡੇ-ਖੁੰਡੇ ਉਨ੍ਹਾਂ ਦੀ ਮਹਿਫ਼ਿਲ ਮਾਣਨ ਲਈ ਅਕਸਰ ਸਾਡੀ ਬੈਠਕ ਵਿੱਚ ਇਕੱਠੇ ਹੋਏ ਰਹਿੰਦੇ। ਉਮਦਾ ਸ਼ਿਅਰਾਂ, ਉੱਤਮ ਵਿਚਾਰ-ਟੁਕਾਂ ਤੇ ਉਨ੍ਹਾਂ ਦੀਆਂ ਆਪਣੀਆਂ ਨਜ਼ਮਾਂ ਨਾਲ ਭਰੀ ਹੋਈ ਕਾਲੀ ਡਾਇਰੀ ਮੇਰੀ ਸਭ ਤੋਂ ਅਮੀਰ ਜਾਇਦਾਦ ਹੈ, ਇਹੋ ਜਿਹੀ ਹੀ ਅਮੀਰ ਜਾਇਦਾਦ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਮਿਲੇ ਤਗਮੇ, ਚਾਂਦੀ ਦੇ ਗਲਾਸ ਤੇ ਕੁਝ ਬਹੁਮੁੱਲੀਆਂ ਕਿਤਾਬਾਂ। ਉਚ-ਪਾਇ ਦਾ ਸਾਹਿਤ ਪੜ੍ਹਨ ਦਾ ਤਾਂ ਉਨ੍ਹਾਂ ਨੂੰ ਹੱਦੋਂ ਵੱਧ ਜਨੂੰਨ ਸੀ, ਹਰ ਪੰਦਰਵਾੜੇ ਪਿੰਡ ਤੋਂ ਲੁਧਿਆਣੇ ਸੈਂਟਰਲ ਲਾਇਬਰੇਰੀ ਜਾਂਦੇ, ਪਹਿਲੀਆਂ ਕਿਤਾਬਾਂ ਮੋੜ ਕੇ ਨਵੀਆਂ ਲੈ ਆਉਂਦੇ। ਕਿਤੇ ਵਾਂਢੇ ਜਾਂਦੇ ਤਾਂ ਉਨ੍ਹਾਂ ਦੇ ਬੈਗ ਵਿੱਚ ਇਕ ਕੁੜਤਾ-ਪਜਾਮਾ, ਇਕ ਜੋੜਾ ਚਪਲਾਂ, ਟੁੱਥ-ਬੁਰਸ਼, ਤੌਲੀਆ ਤੇ ਦੋ ਕਿਤਾਬਾਂ ਹੁੰਦੀਆਂ। ਆਖ਼ਰੀ ਦੋ ਕਿਤਾਬਾਂ ਤਾਂ ਉਨ੍ਹਾਂ ਦੇ ਸਦਾ ਲਈ ਤੁਰ ਜਾਣ ਬਾਅਦ ਅਸੀਂ ਆਪ ਕਾਰਡ ਸਮੇਤ ਲਾਇਬ੍ਰੇਰੀ ਵਿੱਚ ਜਮ੍ਹਾ ਕਰਵਾ ਕੇ ਆਏ ਸਾਂ।

ਨੌਵੀਂ-ਦਸਵੀਂ ਤੱਕ ਪਹੁੰਚਦਿਆਂ ਅਲਮਾਰੀਆਂ ਵਿੱਚ ਪਏ ਉਸਾਰੂ ਸਾਹਿਤ ਨੇ ਮੈਨੂੰ ਚੰਗੇ-ਮੰਦੇ ਦੀ ਸੋਝੀ ਕਰਵਾ ਦਿੱਤੀ ਸੀ। ਇਨ੍ਹਾਂ ਕਿਤਾਬਾਂ ਵਿੱਚ ਬਹੁਤ ਕੁੱਝ ਕਰਜ਼ੇ ਦੇ ਸਤਾਏ ਲੋਕਾਂ ਬਾਰੇ ਸੀ, ਸ਼ਾਹਾਂ-ਸ਼ਾਹੂਕਾਰਾਂ ਦੀ ਲੁੱਟ ਬਾਰੇ ਸੀ। ਇਕ ਦਿਨ ਮੈਂ ਬਰਾਂਡੇ ਵਿੱਚ ਪਈ ਪੜ੍ਹਾ ਰਹੀ ਸਾਂ ਕਿ ਪਿਛਲੇ ਅੰਦਰ ਘੁਸਰਮੁਸਰ ਜਿਹੀ ਸੁਣੀ। ਘਰਾਂ ਵਿੱਚੋਂ ਲੱਗਦੀ ਤਾਈ ਮੇਰੇ ਬੀ ਜੀ ਨੂੰ ਕਹਿ ਰਹੀ ਸੀ, "ਹੱਥ ਬਾਹਲਾ ਈ ਤੰਗ ਐ ਕਰਤਾਰ ਕੁਰੇ। ਜ਼ਰੂਰੀ ਗਰਜ ਆ' ਗੀ, ਜੇ ਕੁਸ਼ ਨਕਦੀ ਦੇ ਦੇਵੇਂ ਤਾਂ... ਵਿਆਜ ਜਿੰਨਾ ਤੂੰ ਕਹੇਂ..." ਕੁੱਝ ਦੇਰ ਬਾਅਦ ਬੀ ਜੀ ਦੀ ਲੋਹੇ ਦੀ ਪੇਟੀ ਖੁੱਲ੍ਹਣ ਦਾ ਖੜਾਕ ਹੋਇਆ।

ਮੈਂ ਭੂਗੋਲ ਉਥੇ ਈ ਮੂਧਾ ਮਾਰ ਕੇ ਬਕੈਣ ਵੱਲ ਨੱਸੀ, ਜਿਹਦੀ ਡੱਬ-ਖੜੱਬੀ ਛਾਵੇਂ ਪਾਪਾ ਜੀ ਸੈਨਿਕ-ਸਮਾਚਾਰ ਪੜ੍ਹ ਰਹੇ ਸਨ। ਉਨ੍ਹਾਂ ਦੇ ਕੋਲ ਜਾ ਕੇ ਬੋਲਿਆ ਹੀ ਨਾ ਜਾਵੇ, ਗੱਚ ਨੱਕੋ-ਨੱਕ ਭਰਿਆ ਹੋਇਆ, ਟੱਪ-ਟੱਪ ਹੰਝੂ ਕਿਰਨ ਲੱਗ ਪਏ, ਹਟਕੋਰਿਆਂ ਵਿੱਚ ਹੀ ਦੱਸ ਹੋਇਆ, "ਤਾਈ ਜੀ ਦੇ ਘਰ ਚੱਜ ਨਾਲ ਰੋਟੀ ਨਹੀਂ ਪੱਕਦੀ ਤੇ ਬੀ ਜੀ ਵਿਆਜੂ..."

ਪਾਪਾ ਜੀ ਉਨ੍ਹੀਂ ਪੈਰੀਂ ਉਠ ਕੇ ਬਾਟਾ-ਚਪਲਾਂ ਘੜੀਸਦੇ ਮੇਰੇ ਨਾਲ ਤੁਰ ਪਏ, ਤਾਈ ਖੀਸੇ ਵਿੱਚ ਟਾਕੀ ਟੁੰਗਦੀ ਜਾ ਰਹੀ ਸੀ।

"ਸੁਣੀਂ ਭਾਬੀ ਦਲੀਪ ਕੁਰੇ ! ਆਹ ਜਿਹੜਾ ਮਾਲ-ਮੱਤਾ ਲਈ ਜਾਨੀ ਐਂ, ਮੋੜਨ ਦੀ ਲੋੜ ਨਹੀਂ ਤੈਨੂੰ, ਜਿਵੇਂ ਮਰਜ਼ੀ ਵਰਤੀਂ..." ਤਾਈ ਜੀ ਤੇ ਬੀਜੀ ਹੱਕੀਆਂ-ਬੱਕੀਆਂ ਖੜ੍ਹੀਆਂ ਸਨ। "ਹੁਣ ਠੀਕ ਐ...?" ਪਾਪਾ ਜੀ ਨੇ ਮੇਰੀ ਗੱਲ੍ਹ 'ਤੇ ਪਟੋਕੀ ਜਿਹੀ ਮਾਰੀ।

ਉਹ ਤਸੱਲੀ, ਉਹ ਤਸਕੀਨ ਵੀ ਮੈਨੂੰ ਕੱਲ੍ਹ ਵਾਂਗ ਚੇਤੇ ਐ, ਏਦਾਂ ਲੱਗਿਆ ਸੀ ਜਿਵੇਂ ਮੈਂ ਸਾਰਾ ਜਹਾਨ ਫਤਹਿ ਕਰਕੇ ਸਿਕੰਦਰ ਹੋ ਗਈ ਹੋਵਾਂ।

ਮੇਰੀ ਮੈਡੀਕਲ ਦੀ ਪੜ੍ਹਾਈ ਹਿੱਤ ਲੋੜੀਂਦੀਆਂ ਫ਼ੀਸਾਂ ਵਾਸਤੇ ਉਨ੍ਹਾਂ ਨੂੰ ਹੱਡ-ਭੰਨਵੀਂ ਮੁਸ਼ੱਕਤ ਕਰਨੀ ਪਈ ਸੀ। ਭਾਵੇਂ ਆਨਰੇਰੀ ਕੈਪਟਨ ਰੀਟਾਇਰ ਹੋਏ ਸਨ, ਪਰ ਏਨੀ ਕੁ ਪੈਨਸ਼ਨ ਤਾਂ ਘਰ ਦੇ ਖੱਲਾਂ-ਖੂੰਜਿਆਂ ਵਿੱਚ ਹੀ ਵੜ ਜਾਂਦੀ। ਉਹ ਤੜਕੇ-ਤੜਕੇ ਬਾਲਣ ਲਈ ਕਾਨੇ ਵੱਢਣ ਜਾਂਦੇ, ਜਦੋਂ ਦਿਨ ਚੜ੍ਹੇ ਪਰਤਦੇ ਤਾਂ ਕੰਡ ਲੜ- ਲੜ ਕੇ ਗੋਰੀਆਂ-ਗੋਰੀਆਂ ਬਾਹਾਂ ਕੂਹਣੀਆਂ ਤੱਕ ਗੂੜ੍ਹੀਆਂ-ਗੁਲਾਬੀ ਤੇ ਧੱਫੜੋ-ਧੱਫੜੀ ਹੋਈਆਂ ਹੁੰਦੀਆਂ, ਫਿਰ ਕਦੀ ਝੱਜਰ ਦੇ ਸੀਤ ਪਾਣੀ ਨਾਲ ਧੋਂਦੇ, ਕਦੀ ਸਰ੍ਹੋਂ ਦਾ ਤੇਲ ਮਲਦੇ। ਕੱਚੇ ਕੋਠੇ 'ਤੇ ਪਾਉਣ ਲਈ ਗਸਰਾ ਵੀ ਆਪ ਹੀ ਢਿਗਾਂ ਤੋਂ ਲੈ ਕੇ ਆਉਂਦੇ, ਆਪ ਹੀ ਟੋਕਰਾ ਸਿਰ 'ਤੇ ਰੱਖਕੇ ਲੱਕੜ ਦੀ ਪੌੜੀ ਚੜ੍ਹਦੇ, ਇਕ ਵਾਰ ਤਾਂ ਪੀੜ ਨਾਲ ਕੜਵੱਲਾਂ ਜਿਹੀਆਂ ਖਾਂਦੇ ਹੇਠਾਂ ਉਤਰੇ ਸਨ, ਹਲਦੀਵੰਨਾ ਮੁੱਖ, ਤ੍ਰੇਲੀਓ-ਤ੍ਰੇਲੀ ਠੰਢਾ-ਠਾਰ ਮੱਥਾ, ਘਰੇ ਡਾਕਟਰ ਲਿਆਉਣਾ ਪਿਆ ਸੀ। ਪਰ ਕੁੱਝ ਦਿਨਾਂ ਬਾਅਦ ਹੀ ਰੰਬਾ-ਪੱਲੀ ਚੁੱਕ ਕੇ ਮੱਝ ਲਈ ਘਾਹ ਖੋਤਣ ਤੁਰ ਪਏ ਸਨ। ਸਰੀਰ ਉਨ੍ਹਾਂ ਦਾ ਨਰਮ ਹੀ ਸੀ, ਪਰ ਇੱਛਾ ਸ਼ਕਤੀ ਅੰਬਰ ਨਾਲ ਬਰ ਮੇਚਦੀ ਸੀ। ਕਦੀ ਕਿੰਨੀਆਂ ਸਾਰੀਆਂ ਮੱਝਾਂ ਖਰੀਦ ਕੇ ਤੇ ਭਈਆ ਰੱਖ ਕੇ ਦੁੱਧ ਤੋਂ ਆਮਦਨ ਭਾਲਦੇ, ਕਦੀ ਜੀਪਾਂ ਖਰੀਦ ਕੇ ਜਗਰਾਉਂ ਤੋਂ ਸਵੇਰੇ-ਸਵੇਰੇ ਤਾਜ਼ੀਆਂ ਸਬਜ਼ੀਆਂ ਲਿਆ ਕੇ ਹਟਵਾਣੀਆਂ ਨੂੰ ਦਿੰਦੇ, ਕਦੀ ਕੋਈ ਹੋਰ ਓੜ੍ਹ-ਪੋੜ੍ਹ ਕਰਦੇ। ਮੈਂ ਉਨ੍ਹਾਂ ਨੂੰ ਕਈ ਸਾਰੇ ਪਾਪੜ ਵੇਲਦਿਆਂ ਦੇਖਦੀ, ਤਾਂ ਕੋਈ ਨਾ ਕੋਈ ਵਜ਼ੀਫਾ-ਪ੍ਰੀਖਿਆ ਦਿੰਦੀ ਰਹਿੰਦੀ, ਇਉਂ ਕਿਤੋਂ ਨਾ ਕਿਤੋਂ ਖਰਚੇ ਦਾ ਜੁਗਾੜ ਹੋ ਜਾਂਦਾ। ਪਰ ਉਹ ਥੋੜ੍ਹਾ ਕੀਤੇ ਕਿਸੇ ਤੰਗੀ-ਤੁਰਸ਼ੀ ਦੀ ਭਾਫ ਨਹੀਂ ਕੱਢਦੇ ਸਨ, ਸਗੋਂ ਹਮੇਸ਼ਾ ਹੱਸਦੇ ਖਿੜਖਿੜਾਉਂਦੇ ਰਹਿੰਦੇ, ਨਾ ਹੀ ਕਿਸੇ ਲੋੜਵੰਦ ਦੀ ਇਮਦਾਦ ਕਰਨ ਵੇਲੇ ਉਨ੍ਹਾਂ ਦੇ ਮੱਥੇ ਉੱਤੇ ਕੋਈ ਤਿਊੜੀ ਹੁੰਦੀ, ਪਿੰਡ ਵਾਲਿਆਂ ਨੂੰ ਏਹੀ ਲੱਗਦਾ ਰਹਿੰਦਾ ਕਿ ਉਨ੍ਹਾਂ

ਵਰਗਾ ਦੌਲਤਮੰਦ ਤੇ ਖੁਸ਼ਹਾਲ ਬੰਦਾ ਹੋਰ ਕੋਈ ਹੈ ਹੀ ਨਹੀਂ। ਵੈਸੇ ਇਹ ਖੁਸ਼ਹਾਲੀਆਂ ਉਦੋਂ ਹੀ ਆਈਆਂ ਸਨ, ਜਦੋਂ ਸਾਡੀ ਦੋਵਾਂ ਭੈਣਾਂ ਦੀ ਪੜ੍ਹਾਈ ਮੁੱਕ ਗਈ ਸੀ ਤੇ ਸਾਡੇ ਹੱਥ ਪੀਲੇ ਹੋ ਗਏ ਸਨ। ਪਰ ਉਸ ਤੋਂ ਬਾਅਦ ਵੀ, ਜਿਵੇਂ ਅਕਸਰ ਮਾਪੇ ਸੁਰਖਰੂ ਹੋ ਜਾਂਦੇ ਹਨ, ਉਨ੍ਹਾਂ ਸਾਡੀ ਮੱਦਦ ਤੋਂ ਕਿਨਾਰਾ ਨਹੀਂ ਸੀ ਕੀਤਾ, ਜਦੋਂ ਵੀ ਵਖਤ ਨੇ ਔਖਾ ਸਵਾਲ ਪਾਇਆ ਸੀ ਹਾਜ਼ਰ-ਨਾਜ਼ਰ ਖੜ੍ਹੇ ਸਨ, ਖ਼ਾਸ ਕਰਕੇ ਉਦੋਂ ਜਦੋਂ ਦੋ ਦੋ ਵਾਰ ਚੋਰ ਸਾਡਾ ਘਰ ਖਾਲੀ ਕਰ ਗਏ ਸਨ।

ਜ਼ਿੰਦਗੀ ਦੇ ਸਫ਼ਰ ਵਿੱਚ ਜਦੋਂ ਕਦੀ ਮੈਨੂੰ ਤੇ ਮੇਰੇ ਹਮਸਫ਼ਰ ਬਲਦੇਵ ਨੂੰ ਕੜਕਦੀਆਂ ਧੁੱਪਾਂ ਪਰੇਸ਼ਾਨ ਕਰ ਦਿੰਦੀਆਂ ਤਾਂ ਅਸੀਂ ਦੋਵੇਂ ਧਰਤੀ ਦੇ ਉਸ ਟੁਕੜੇ ਵੱਲ ਤੁਰ ਪੈਂਦੇ ਸਾਂ, ਜਿੱਥੇ ਪਾਪਾ ਜੀ ਦਾ ਸੰਘਣੇ ਬੋਹਣ ਵਰਗਾ ਹੱਥ ਸਾਨੂੰ ਉਡੀਕਦਾ ਹੁੰਦਾ ਸੀ, ਜਿੱਥੇ ਮਮਤਾ ਦੀ ਮਖਮਲ ਵਿਛੀ ਹੁੰਦੀ ਸੀ।

ਪਾਪਾ ਜੀ "ਓ! ਬੱਲੇ-ਬੱਲੇ" ਕਹਿੰਦੇ ਹੋਏ ਜ਼ੋਰ ਦੀ ਘੁੱਟ ਕੇ ਹਿੱਕ ਨਾਲ ਲਾ ਲੈਂਦੇ। ਫਿਰ ਹਾਲਚਾਲ ਪੁੱਛਦੇ ਹੋਏ ਉਵੇਂ ਹੀ ਕਲਾਵੇ ਵਿੱਚ ਕਸੀ ਬੈਠਕ ਵਿੱਚ ਲੈ ਜਾਂਦੇ, ਜਿੱਥੇ ਕਨਸ ਉੱਤੇ ਉਨ੍ਹਾਂ ਨੇ ਬਦਾਮ ਭੰਨ-ਭੰਨ ਮੇਰੇ ਲਈ ਗਿਰੀਆਂ ਦੀਆਂ ਸ਼ੀਸ਼ੀਆਂ ਭਰ ਕੇ ਰੱਖੀਆਂ ਹੁੰਦੀਆਂ। ਇੱਕ ਸ਼ੀਸ਼ੀ ਦਾ ਢੱਕਣ ਖੋਲ੍ਹ ਕੇ ਮੈਨੂੰ ਫੜਾਉਂਦੇ ਹੋਏ ਉਹ ਸਿਰਹਾਣੇ ਵਾਲੇ ਪਾਸਿਓਂ ਗਦੈਲਾ ਚੁੱਕਦੇ। ਏਥੇ ਬਹੁਤ ਸਾਰੇ ਅਖ਼ਬਾਰਾਂ, ਰਿਸਾਲਿਆਂ ਦੀਆਂ ਕਾਤਰਾਂ ਪਈਆਂ ਹੁੰਦੀਆਂ। ਇਹ ਮੇਰੀਆਂ ਹੀ ਕਵਿਤਾਵਾਂ ਕਹਾਣੀਆਂ ਹੁੰਦੀਆਂ ਜਾਂ ਜੇ ਕਿਸੇ ਨੇ ਮੇਰੇ ਬਾਰੇ ਕੁੱਝ ਲਿਖਿਆ ਹੁੰਦਾ ਉਹ ਵੀ ਤੇ ਕੁੱਝ ਕੁ ਦੁਰਲੱਭ ਤਸਵੀਰਾਂ, ਨਾਲ ਹੀ ਪੰਜਾਬੀ, ਅੰਗਰੇਜ਼ੀ, ਹਿੰਦੀ ਦੀ ਸਾਹਿਤ ਸਮੱਗਰੀ, ਜੋ ਮੇਰੇ ਨਾਲ ਸਬੰਧਿਤ ਨਹੀਂ ਪਰ ਵਿਸ਼ਵ-ਪੱਧਰ ਦੀ ਹੁੰਦੀ ਤੇ ਪਾਪਾ ਜੀ ਚਾਹੁੰਦੇ ਕਿ ਮੈਂ ਉਹ ਪੜ੍ਹਾਂ। ਮੈਂ ਬਦਾਮ ਮੜਕਦੀ ਹੋਈ ਹੂੰ ਹਾਂ ਕਰੀ ਜਾਂਦੀ।

ਇਕ ਵਾਰ ਏਵੇਂ ਹੀ ਅੰਦਰ ਜਾ ਕੇ ਬੈਠਣ ਲੱਗੇ ਸੀ ਕਿ ਬੀਬੀ ਨੇ ਚਾਹ ਲਿਆ ਕੇ ਮੇਜ਼ 'ਤੇ ਧਰ ਦਿੱਤੀ। ਮੈਂ ਦੇਖ ਕੇ ਹੈਰਾਨ ਰਹਿ ਗਈ ਕਿ ਟੇਬਲ-ਗਿਲਾਸ ਦੇ ਹੇਠਾਂ 'ਨਾ! ਮੰਮੀ ਨਾ!' ਦੇ ਵਰਕੇ ਵਿਛੇ ਪਏ ਸਨ। ਆਏ-ਗਏ ਨੂੰ ਬਿਸਕੁਟ-ਨਮਕੀਨ ਆਦਿ ਇਸੇ ਮੇਜ਼ 'ਤੇ ਪਰੋਸੇ ਜਾਂਦੇ ਸਨ। ਲੱਸੀ ਜਾਂ ਚਾਹ ਦੀਆਂ ਘੁੱਟਾਂ ਭਰਦਾ ਮਹਿਮਾਨ ਇਹਦੇ ਬਾਰੇ ਹਲਕਾ ਜਿਹਾ ਪੁੱਛਦਾ ਤੇ ਪਾਪਾ ਜੀ ਸਾਰਾ ਬਿਰਤਾਂਤ ਉਹਦੇ ਅੱਗੇ ਖਿਲਾਰ ਦਿੰਦੇ। ਉਨ੍ਹਾਂ ਕੋਲ ਅਕਸਰ ਪਿੰਡ ਵਾਲੇ ਕੋਈ ਫਾਰਮ ਭਰਵਾਉਣ, ਕਿਸੇ ਮੁਕੱਦਮੇ ਬਾਰੇ ਸਲਾਹ ਲੈਣ, ਕਿਸੇ ਨੌਕਰੀ ਵਾਸਤੇ ਅਰਜ਼ੀ ਲਿਖਵਾਉਣ, ਸਕੂਲ ਜਾਂ ਹਸਪਤਾਲ ਲਈ ਸਹਾਇਤਾ ਲੈਣ ਆਏ ਹੀ ਰਹਿੰਦੇ ਸਨ। ਉਹ ਇਸ ਤਰਕੀਬ ਨਾਲ ਅਗਲੇ ਵਿੱਚ ਉਤਸੁਕਤਾ ਜਗਾ ਕੇ ਉਸ ਅੰਦਰ ਧੀਆਂ ਦੀ ਕਦਰਦਾਨੀ ਬੀਜ ਦਿੰਦੇ ਸਨ ਤੇ ਇੰਜ ਉਸ ਨੂੰ ਧੀਆਂ ਬਚਾਉਣ ਦੀ ਮੁਹਿੰਮ ਵਿੱਚ ਸ਼ਾਮਿਲ ਕਰ ਲੈਂਦੇ ਸਨ। ਉਨ੍ਹਾਂ ਦੀ ਇਹ ਕਿੰਨੀ ਹੁਸੀਨ ਅਦਾ ਸੀ ਆਪਣੀ ਧੀ ਦੀ ਝੰਡੇ ਵਾਲੀ ਬਾਂਹ ਨੂੰ ਆਪਣੇ ਹੱਥ ਨਾਲ ਹੋਰ ਉਚੇਰਾ ਚੁੱਕਣ ਦੀ, ਬਾਪ-ਬੇਟੀ ਦੇ ਇਸ ਰਿਸ਼ਤੇ ਦੀ ਬਰਾਬਰੀ ਕੁੱਲ ਆਲਮ ਦਾ ਕਿਹੜਾ ਰਿਸ਼ਤਾ ਕਰ ਸਕਦੈ ਭਲਾ?

ਕਿਸੇ ਦੀ ਸਿਫ਼ਤ ਕਰਨ ਦਾ ਵੀ ਉਨ੍ਹਾਂ ਦਾ ਆਪਣਾ ਮਖ਼ਸੂਸ ਅੰਦਾਜ਼ ਸੀ। ਕੋਈ ਦਾਲ-ਸਬਜ਼ੀ ਪਸੰਦ ਆਉਣੀ ਤਾਂ ਉਨ੍ਹਾਂ ਦੇ ਮੱਥੇ ਉੱਤੇ ਪਸੀਨੇ ਦੇ ਮੋਤੀ ਚਮਕਣ ਲੱਗਦੇ। ਤਾਰੀਫ਼ ਵਿੱਚ ਕੁੱਝ ਬੋਲਣ ਦੀ ਥਾਂ ਉਹ ਮੁਸਕੁਰਾਉਂਦੇ ਹੋਏ ਮੇਰਾ ਹੱਥ ਫੜ ਕੇ ਆਪਣੇ ਮੱਥੇ 'ਤੇ ਲਾ ਕੇ ਕਹਿੰਦੇ, "ਦੇਖ ਬੱਲਿਆ! ਹੈ ਕਿਸੇ ਸਬੂਤ ਦੀ ਲੋੜ ਕਿ ਤੂੰ ਕਿੰਨਾ ਲਜ਼ੀਜ਼ ਖਾਣਾ ਬਣਾਇਐ?"

ਉਨ੍ਹਾਂ ਦੀ ਵਿਕੋਲਿਤਰੀ ਸਹਿਣਸ਼ੀਲਤਾ ਵੀ ਵਿਸ਼ਵਾਸ ਤੋਂ ਪਰਲੇ ਪਾਰ ਦੀ ਸੀ। ਨਾਨਕੇ ਗਏ ਸਾਡੇ ਦੋਵਾਂ ਭੈਣਾਂ ਦੇ ਚਾਰ ਜੁਆਕ ਉਨ੍ਹਾਂ ਨੂੰ ਗਧੀ ਗੇੜ ਵਿੱਚ ਪਾਈ ਰੱਖਦੇ, ਪਰ ਮਜ਼ਾਲ ਐ ਉਨ੍ਹਾਂ ਦੇ ਚਿਹਰੇ ਉੱਤੇ ਕੋਈ ਸ਼ਿਕਨ ਵੀ ਆਈ ਹੋਵੇ, ਸਾਰਾ ਦਿਨ ਨਿਆਣਿਆਂ ਨਾਲ ਨਿਆਣੇ ਬਣੇ ਰਹਿੰਦੇ, ਉਨ੍ਹਾਂ ਦੀਆਂ ਝੱਲ-ਵਲੱਲੀਆਂ 'ਤੇ ਠਹਾਕੇ ਲਾਉਂਦੇ। ਚਾਰ ਕੁ ਸਾਲ ਦੇ ਮੇਰੇ ਬੇਟੇ ਉੱਤੇ ਇਕ ਵਾਰ ਨੱਚਣ ਦਾ ਭੂਤ ਸਵਾਰ ਹੋ ਗਿਆ, ਰੇਡੀਓ ਉੱਤੇ ਜਦੋਂ ਕੋਈ ਧੂਮ-ਧੜੱਕੇ ਵਾਲਾ ਗਾਣਾ ਵੱਜਦਾ, ਉਹ ਪਾਪਾ ਜੀ ਨੂੰ ਸਾਹਮਣੇ ਖੜ੍ਹਾ ਕੇ ਉਨ੍ਹਾਂ ਦੇ ਦੋਵੇਂ ਹੱਥ ਫੜ ਕੇ ਨੱਚਣ ਲੱਗ ਜਾਂਦਾ, ਚਾਂਭਲਿਆ ਹੋਇਆ ਉਨ੍ਹਾਂ ਦਾ ਪਿੰਜਣੀ ਉਤੇ ਸਣੇ ਬੂਟਾਂ ਠੁੱਡਾ ਮਾਰ ਦਿੰਦਾ, ਪਿੰਜਣੀਆਂ ਛਿੱਲੀਆਂ ਗਈਆਂ, ਖਰੀਂਢ ਵੀ ਆ ਗਏ, ਪਰ ਉਨ੍ਹਾਂ ਨੇ ਇਕ ਵਾਰ ਵੀ ਮੁੰਡੇ ਨੂੰ ਮਨ੍ਹਾਂ ਨਹੀਂ ਕੀਤਾ, ਸਗੋਂ ਉਵੇਂ ਹੀ ਉਹਦੇ ਨਾਲ ਨਾਲ ਕਦਮਤਾਲ ਦਿੰਦੇ ਰਹੇ।

ਏਹੀ ਬੇਟਾ ਜਦ ਬਾਰਾਂ ਤੇਰਾਂ ਸਾਲ ਦਾ ਹੋ ਗਿਆ ਤਾਂ ਉਨ੍ਹਾਂ ਨਵੇਂ-ਨਵੇਂ ਵਿਅੰਜਨ ਬਣਾਉਣ ਦਾ ਸ਼ੌਕ ਚੜ੍ਹ ਗਿਆ, ਇਕ ਰਾਤ ਖਬਰੀ ਕੋਈ ਸੁਰੱਗਾ ਆਇਆ ਕਿ ਸੁਫ਼ਨਾ, ਦੋ ਕੁ ਵਜੇ ਉੱਠ ਕੇ ਕਰਾਰੀਆਂ-ਕਰਾਰੀਆਂ ਚਿਪਸ ਬਣਾ ਲਿਆਇਆ ਤੇ ਫਿਰ ਸਾਰਿਆਂ ਨੂੰ ਗਰਮ-ਗਰਮ ਖਾਣ ਲਈ ਜਗਾਉਣ ਲੱਗਾ, "ਚੁੱਪ ਕਰਕੇ ਸੌਣ ਦੇ, ਅੱਧੀ ਰਾਤ ਨੂੰ ਇਹਨੂੰ ਸ਼ੁਦਾਅ ਚੜ੍ਹਿਐ" ਜਿਹਦੇ ਕੋਲ ਪਲੇਟ ਲਿਜਾਂਦਾ, ਘੁਰਕੀ ਜਿਹੀ ਖਾ ਕੇ ਪਰਤ ਆਉਂਦਾ। ਪਰ ਪਾਪਾ ਜੀ ਉਠੇ, ਚਟਖਾਰੇ ਲੈ ਲੈ ਚਿਪਸ ਖਾਧੀਆਂ, ਮੱਥੇ ਦਾ ਮੁੜ੍ਹਕਾ ਦਿਖਾਇਆ ਤੇ ਉਹਨੂੰ ਵੱਡੀ ਸਾਰੀ ਥਾਪੀ ਦੇ ਕੇ ਫੇਰ ਹੀ ਸੁੱਤੇ।

ਸੰਵੇਦਨਸ਼ੀਲ ਵੀ ਉਹ ਸਿਰੇ ਦੇ ਸਨ, ਇਕ ਵਾਰ ਹਾਲਾਤ ਐਸੇ ਬਣੇ ਕਿ ਕੋਈ ਸਦਮਾ ਸਾਰੇ ਪਰਿਵਾਰ ਉਤੇ ਹਾਵੀ ਹੋ ਗਿਆ, ਦੂਜੇ ਜੀਅ ਤਾਂ ਕਦੀ ਰੋ ਲੈਂਦੇ, ਕਦੀ ਆਪਸ ਵਿੱਚ ਦਿਲ ਹੌਲਾ ਕਰ ਲੈਂਦੇ, ਪਰ ਪਾਪਾ ਜੀ ਸਭ ਨੂੰ ਧੀਰਜ ਬੰਨ੍ਹਾਉਂਦੇ ਰਹਿੰਦੇ ਤੇ ਇਉਂ ਪ੍ਰਗਟ ਕਰਦੇ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ, ਪਰ ਹੋਇਆ ਇਹ ਸੀ ਕਿ ਇਕ ਸੁਬਾਹ ਜਦੋਂ ਉਹ ਜਾਗੇ ਤਾਂ ਉਨ੍ਹਾਂ ਦੀ ਅੱਧੀ ਮੁੱਛ ਉਡ ਗਈ ਹੋਈ ਸੀ, ਅੰਦਰੋ ਅੰਦਰ ਕੋਈ ਐਸਾ ਬਲੇਡ ਫਿਰਿਆ ਸੀ ਕਿ ਵਾਲਾਂ ਵਰਗੀ ਨਾਜ਼ੁਕ ਚੀਜ਼ ਆਪਣੀ ਜਗ੍ਹਾ ਉਤੇ ਖੜ੍ਹੀ ਹੀ ਨਹੀਂ ਸੀ ਰਹਿ ਸਕੀ। ਉਹ ਉਨਾਂ ਚਿਰ ਮੁੱਛਾਂ ਉੱਤੇ ਫਿਫਟੀ ਬੰਨ੍ਹ ਕੇ ਜੱਗ ਤੋਂ ਲੁਕਾਉਂਦੇ ਰਹੇ ਸਨ, ਜਦੋਂ ਤੱਕ ਵਾਲ ਦੁਬਾਰਾ ਨਹੀਂ ਸਨ ਆ ਗਏ।

ਵੱਡਿਆਂ ਦੀ ਸੇਵਾ-ਸੰਭਾਲ ਦੀਆਂ ਰੌਸ਼ਨ-ਪੈੜਾਂ ਵੀ ਸਾਡੇ ਮਨ-ਮਸਤਕ ਵਿੱਚ ਉਨ੍ਹਾਂ ਨੇ ਹੀ ਪਾਈਆਂ, ਤੇ ਇਹ ਮੁਥਾਜ-ਬੁਢੇਪਾ ਉਨ੍ਹਾਂ ਉੱਤੇ ਆਇਆ ਹੀ ਨਹੀਂ। ਅੱਤ ਦੇ ਸਿਆਲਾਂ ਵਿੱਚ ਜਦੋਂ ਬਾਹਰ ਕੋਰਾ ਜੰਮਣ ਲੱਗਦਾ, ਉਹ ਅੰਦਰ ਲੋਗੜ ਜਾਂ ਨਮਦਾ ਸੇਕ ਕੇ ਬੇਬੇ, ਜਾਣੀ ਸਾਡੇ ਦਾਦੀ ਜੀ, ਦੀ ਰਜ਼ਾਈ ਵਿੱਚ ਰੱਖਦੇ ਰਹਿੰਦੇ, ਜਾਂ ਤੱਤੇ-ਤੱਤੇ ਪਾਣੀ ਵਾਲੀ ਕੱਚ ਦੀ ਬੋਤਲ ਤੌਲੀਏ ਵਿੱਚ ਲਪੇਟ ਕੇ ਉਹਦੇ ਪੈਰਾਂ ਕੋਲ ਧਰ ਦਿੰਦੇ। ਥਹੁ ਨਹੀਂ ਕਿ ਰਬੜ ਵਾਲੀ ਬੋਤਲ ਉਦੋਂ ਬਜ਼ਾਰ ਵਿੱਚ ਆਈ ਨਹੀਂ ਸੀ ਕਿ ਖਰੀਦਣ ਦੀ ਸਾਡੀ ਪਰੋਖੋਂ ਨਹੀਂ ਸੀ। ਉਮਰ ਦੇ ਆਖ਼ਰੀ ਪਹਿਰ ਵਿੱਚ ਬੇਬੇ ਦੀ ਜੀਭ 'ਤੇ ਕੋਈ ਜ਼ਖਮ ਹੋ ਗਿਆ ਸੀ ਤੇ ਰੋਟੀ ਦੀ ਬੁਰਕੀ

ਉਹਨੂੰ ਵਾਢਾਂ ਪਾਉਂਦੀ ਸੀ। ਉਹ ਸਿਰਫ਼ ਦੁੱਧ ਵਿੱਚ ਡਬਲਰੋਟੀ ਜਾਂ ਕਸਟਰਡ ਹੀ ਖਾ ਸਕਦੀ ਹੁੰਦੀ, ਇਹ ਸਭ ਪਾਪਾ ਜੀ ਆਪ ਰਸੋਈ ਵਿੱਚ ਜਾ ਕੇ ਤਿਆਰ ਕਰਦੇ। ਕੋਸੇ ਪਾਣੀ ਦੀ ਬਾਲਟੀ ਲਿਆ ਕੇ ਉਹਦੇ ਚਰਨ ਡੁਬੋਂਦੇ, ਆਪਣੇ ਹੱਥਾਂ ਨਾਲ ਮਲਦੇ ਤੇ ਫਿਰ ਸਾਫੇ ਨਾਲ ਪੂੰਝ ਕੇ ਮਲਕੜੇ ਜਿਹੇ ਬਿਸਤਰੇ ਵਿੱਚ ਧਰ ਦਿੰਦੇ। ਫਿਰ ਖਾਣੇ ਵਾਲੀ ਬਾਟੀ ਲਿਆ ਕੇ ਫੜਾਉਂਦੇ, ਉਦੋਂ ਤੱਕ ਸੇਕ ਨਿੱਕਲ ਗਿਆ ਹੁੰਦਾ ਤੇ ਬੇਬੇ ਆਸਾਨੀ ਨਾਲ ਖਾ ਸਕਦੀ ਹੁੰਦੀ। ਗਰਮੀਆਂ ਵਿੱਚ ਕੋਲ ਬਹਿ ਕੇ ਖਜੂਰੀ ਪੱਖੀ ਝੱਲਦੇ ਰਹਿੰਦੇ। ਸੱਚ ਤਾਂ ਇਹ ਹੈ ਕਿ ਬੇਬੇ ਵਰਗਾ ਹੀ ਸਿਦਕ-ਸਿਰੜ ਵਾਲਾ ਸੀ ਉਸ ਦਾ ਇਹ ਪੁੱਤ, ਜਿਸ ਨੂੰ ਮੈਂ ਕਦੇ ਪਾਠ ਕਰਦਿਆਂ ਨਹੀਂ ਦੇਖਿਆ ਤੇ ਨਾ ਹੀ ਕਦੇ ਇਸ ਨਿੱਤ ਦੇ ਨੇਮ ਤੋਂ ਖੁੰਝਦਿਆਂ ਦੇਖਿਆ।

ਉਨ੍ਹਾਂ ਦਾ ਸਿਰੜ ਤਾਂ ਸੀ ਹੀ ਬੇਮਿਸਾਲ, ਚਾਹੇ ਪੀੜਾਂ ਅੰਦਰੋਂ ਕੁਤਰਾ ਕਰ ਰਹੀਆਂ ਹੋਣ, ਪਰ ਉਨ੍ਹਾਂ ਦੀ ਜ਼ੁਬਾਨ ਉੱਤੇ ਉਨ੍ਹਾਂ ਦਾ ਜ਼ਿਕਰ ਤੱਕ ਨਹੀਂ ਸੀ ਹੁੰਦਾ। ਅੰਦਰੇ-ਅੰਦਰ ਸਭ ਕੁੱਝ ਪੀ ਕੇ ਉਪਰੋਂ ਮੁਸਕਰਾਉਂਦੇ ਰਹਿੰਦੇ, ਕਦੀ ਕਦੀ ਉਹ ਮੈਨੂੰ ਗਟਾ ਗਟ ਜ਼ਹਿਰ ਪੀ ਲੈਣ ਵਾਲੇ ਸ਼ਿਵ ਜੀ ਵਰਗੇ ਲੱਗਦੇ, ਜਿਨ੍ਹਾਂ ਦੇ ਮੂੰਹ 'ਤੇ ਕਲੱਤਣ ਦੀ ਕੋਈ ਰੇਖਾ ਨਹੀਂ ਸੀ ਆਈ। ਸੱਤਰਵਿਆਂ ਵਿੱਚ ਆਕੇ ਉਨ੍ਹਾਂ ਦੇ ਜਿਸਮ ਨੇ ਬੇਵਫਾਈ ਸ਼ੁਰੂ ਕਰ ਦਿੱਤੀ ਸੀ, ਨਿੱਤ ਨਵੀਆਂ ਅਲਾਮਤਾਂ ਉੱਪਰ ਆਉਂਦੀਆਂ, ਊਰਜਾ-ਵਿਹੀਣ ਦਿਲ ਦੇ ਮਸਾਂ-ਮਸਾਂ ਸਾਹਾਂ ਦੀ ਗੱਡੀ ਘੜੀਸਣ ਵਰਗੀਆਂ, ਪਰ ਪਾਪਾ ਜੀ ਸਨ ਕਿ ਕਿਸੇ ਗੱਲ ਨੂੰ ਲਵੇ ਹੀ ਨਾ ਲੱਗਣ ਦਿੰਦੇ। ਜਦੋਂ ਆਖ਼ਿਰੀ ਵਾਰ ਸਾਡੇ ਕੋਲ ਆਏ ਤਾਂ ਆਉਂਦਿਆਂ ਹੀ ਦਸ ਹਜ਼ਾਰ ਦੀ ਗੱਥੀ ਬਲਦੇਵ ਨੂੰ ਫੜਾ ਦਿੱਤੀ।

"ਇਹ ਕਿਉਂ ਪਾਪਾ ਜੀ?... ਰੱਖੋ ਆਪਣੇ ਕੋਲ" ਕਹਿੰਦਾ ਬਲਦੇਵ ਮੋੜਨ ਲੱਗਿਆ ਤਾਂ ਬੋਲੇ, "ਲੈ-ਲੈ ਬੇਟਾ! ਕਦੇ ਲੋੜ ਪੈ ਜਾਂਦੀ ਹੁੰਦੀ ਐ" ਫਿਰ ਜੇਬ ਵਿੱਚੋਂ ਸੋਹਣਾ ਜਿਹਾ ਚਾਬੀ-ਛੱਲਾ ਕੱਢ ਕੇ ਕਹਿੰਦੇ, "ਇਹ ਵੀ ਸਾਂਭ ਲੈ! ਯਾਦਗੀਰੀ ਹੁੰਦੀ ਐ"

ਸਾਡੇ ਬੱਚੇ ਉਨ੍ਹਾਂ ਨੂੰ ਬੜੀ ਸ਼ਿੱਦਤ ਨਾਲ ਉਡੀਕਦੇ ਸਨ ਤੇ ਉਨ੍ਹਾਂ ਦੇ ਆ ਕੇ ਬੈਠਦਿਆਂ ਹੀ ਵਾਪਿਸੀ ਦੀ ਚਿੰਤਾ ਵਿੱਚ ਗੁਸੇ ਪੁਛਦੇ "ਪਾਪਾ ਜੀ! ਹੁਣ ਰਹੋਂਗੇ ਨਾ ਸਾਡੇ ਕੋਲ? ਛੇਤੀ ਤਾਂ ਨਹੀਂ ਜਾਓਗੇ?"

ਤੇ ਪਾਪਾ ਜੀ ਕੁਝ ਦਿਨਾਂ ਬਾਅਦ ਜਾਣ ਲਈ ਕੋਈ ਬਹਾਨਾ ਸੁਣਾ ਦਿੰਦੇ, "ਉਦਣ ਫਲਾਨੇ ਦੀ ਰਜਿਸਟਰੀ ਐ, ਫਲਾਨੇ ਦੇ ਭੋਗ ਐ, ਜਾਣਾ ਪੈਣੇ..." ਵਗੈਰਾ-ਵਗੇਰਾ, ਅਸੀਂ ਉਸ ਅਨੁਸਾਰ ਹੀ ਅਗਲੇ ਪ੍ਰੋਗਰਾਮ ਬਣਾਉਂਦੇ। ਇਸ ਵਾਰ ਬੋਲੇ, "ਹੁਣ ਮੈਂ ਸਾਰੇ ਕੰਮ ਮੁਕਾ ਆਇਆਂ, ਜਿੰਨਾ ਚਿਰ ਕਹੋਂਗੇ, ਉਨਾ ਚਿਰ ਰਹੂੰਗਾ ਤੁਹਾਡੇ ਕੋਲ"

ਬੱਚੇ ਖ਼ੁਸ਼ੀ ਵਿੱਚ ਚਾਂਬੜਾਂ ਪਾਉਣ ਲੱਗ ਪਏ। ਪਰ ਉਨ੍ਹਾਂ ਦੇ ਪੈਰ ਸੁੱਜ-ਭੜੋਲਾ ਬਣੇ ਹੋਏ ਸਨ, ਬਲਦੇਵ ਨੇ ਚਿੰਤਾ ਜ਼ਾਹਿਰ ਕੀਤੀ ਤਾਂ ਬੋਲੇ, "ਨਹੀਂ ਬਈ ਕੁਸ਼ ਨਹੀਂ ਹੋਇਆ ਮੈਨੂੰ, ਇਹ ਤਾਂ ਚਾਰ ਘੰਟੇ ਬੱਸ 'ਚ ਬਹਿਣ ਕਰਕੇ ਹੋ ਗਿਐ"

ਕੁਝ ਦਿਨਾਂ ਬਾਅਦ ਪੇਟ ਕਾਫੀ ਫੁੱਲਿਆ ਹੋਇਆ, "ਪਾਪਾ ਜੀ ਨੂੰ ਐਸਡਿਟੀਜ਼ ਹੋ ਗਈ ਲੱਗਦੀ ਐ..." ਬਲਦੇਵ ਫੁਸਫੁਸਾਇਆ।

"ਹਾਂ, ਮੈਨੂੰ ਵੀ ਲੱਗਦੈ, ਕੱਲ੍ਹ ਹਸਪਤਾਲ ਲਿਜਾ ਕੇ ਦਿਖਾਈਏ"

ਪਾਪਾ ਜੀ ਨੂੰ ਚੱਲਣ ਲਈ ਕਿਹਾ ਤਾਂ ਪੈਰਾਂ 'ਤੇ ਪਾਣੀ ਨਾ ਪੈਣ ਦੇਣ, ਅਖੇ, "ਲੱਸੀ ਬਹੁਤ ਸੁਆਦ ਸੀ, ਮੈਂ ਭਰਿਆ ਜੱਗ ਪੀ ਗਿਆ, ਤਾਂ ਫੁੱਲਿਆ ਲਗਦਾ ਢਿੱਡ, ਹੋਰ ਕੋਈ ਪ੍ਰਾਬਲਮ ਨੀ..."

ਜ਼ੋਰ ਅਜ਼ਮਾ ਲਿਆ, ਪਰ ਉਹ ਜਾਂਚ-ਪੜਤਾਲ ਲਈ ਹਸਪਤਾਲ ਨਹੀਂ ਗਏ। ਇਉਂ ਨਹੀਂ ਕਿ ਉਹ ਸਜੱਗ ਨਹੀਂ ਸਨ ਸਾਰੀ ਉਮਰ ਲੋਕਾਂ ਦੇ ਮੱਥਿਆਂ ਵਿੱਚ ਦੀਵੇ ਬਾਲਦਿਆਂ ਲੰਘਾਈ ਸੀ ਉਨ੍ਹਾਂ ਨੇ। ਸਭ ਕਾਸੇ ਦਾ ਇਲਮ ਸੀ ਉਨ੍ਹਾਂ ਨੂੰ, ਬਸ ਆਪਣੇ ਲਈ ਕਿਸੇ ਹੋਰ ਨੂੰ ਔਖ ਨਹੀਂ ਸਨ ਦਿੰਦੇ, ਧੀਆਂ ਜਵਾਈਆਂ ਨੂੰ ਤਾਂ ਬਿਲਕੁਲ ਹੀ ਨਹੀਂ। ਅਸੀਂ ਬਹੁਤਾ ਹੀ ਖਹਿੜੇ ਪੈ ਜਾਂਦੇ ਤਾਂ ਕਹਿੰਦੇ, "ਮੈਂ ਹਸਪਤਾਲਾਂ ਵਿੱਚ ਰੁਲਣਾ ਨਹੀਂ ਚਾਹੁੰਦਾ ਬਲਦੇਵ! ਮੇਰੀ ਆਖੀ ਮੰਨ ਲੋ, ਮਿੰਨਤ ਆਲੀ ਗੱਲ ਐ""

ਮੈਂ ਅੱਖਾਂ ਭਰ ਲੈਂਦੀ ਤਾਂ ਮੇਰੇ ਸਿਰ ਉੱਤੇ ਹੱਥ ਫੇਰਦੇ ਆਖਦੇ "ਕਿਉਂ ਡੋਲਦੀ ਐਂ, ਉਹ ਹੈ ਨਾ ਪਾਤਸ਼ਾਹਾਂ ਦਾ ਪਾਤਸ਼ਾਹ, ਮੈਂ ਦਸਵਾਂ ਦਵਾਰ ਦੇਖ ਲਿਐ, ਹੁਣ ਮੌਤ ਤੇ ਜ਼ਿੰਦਗੀ ਵਿੱਚ ਕੋਈ ਫ਼ਰਕ ਨਹੀਂ ਲੱਗਦਾ" ਸ਼ਾਇਦ ਇਹੋ ਜਿਹੀਆਂ ਅਨੁਭੂਤੀਆਂ ਕਰਕੇ ਹੀ ਉਨ੍ਹਾਂ ਨੇ ਆਪਣੇ ਵੱਲ ਰਿਸਕਦੀ ਆਉਂਦੀ ਮੌਤ ਨੂੰ ਬੜੇ ਜੇਰੇ ਨਾਲ ਸਵੀਕਾਰ ਕਰ ਲਿਆ ਸੀ। ਰਾਤੀਂ ਕਿਸੇ ਸਮੇਂ ਉਨ੍ਹਾਂ ਨੂੰ ਖ਼ੂਨ ਦੀ ਉਲਟੀ ਆਈ ਸੀ, ਉਹ ਬਿਨਾਂ ਖੜਕਾ ਕੀਤੇ ਬਾਥਰੂਮ ਗਏ ਸਨ ਤੇ ਸਾਰਾ ਕੁੱਝ ਸਾਫ਼ ਕਰਕੇ ਨਹਾ ਧੋ ਆਏ ਸਨ, ਫਿਰ ਠਾਠੀ ਬੰਨ੍ਹ ਕੇ ਰਜਾਈ ਵਿੱਚ ਵੜ ਗਏ ਸਨ। ਉਹ ਤਾਂ ਸਵੇਰੇ ਬਲਦੇਵ ਬਾਥਰੂਮ ਗਿਆ ਤਾਂ ਉਹਨੇ ਫਲੱਸ਼ ਦੇ ਢੱਕਣ ਪਿਛੇ ਖ਼ੂਨ ਦੇ ਛਿੱਟੇ ਦੇਖ ਲਏ ਤੇ ਆ ਕੇ ਪਾਪਾ ਜੀ ਨੂੰ ਪੁੱਛਿਆ, ਬੋਲੇ, "ਹਾਂ... ਆਇਆ ਸੀ ਥੋੜ੍ਹਾ ਜਿਹਾ ਲਹੂ, ਪਰ ਉਹ ਸ਼ਾਇਦ ਮੱਛੀ ਵਿੱਚ ਕੰਡਾ ਹੋਣੈਂ... ਉਹ ਕਿਤੇ ਚੁਭ ਗਿਆ ਹੋਣੈਂ..."

"ਪਰ ਪਾਪਾ ਜੀ, ਮੱਛੀ ਖਾਧੀ ਨੂੰ ਤਾਂ ਕਈ ਦਿਨ ਹੋ 'ਗੇ" ਮੈਂ ਫ਼ਿਕਰ ਦੀ ਸਿਖਰ 'ਤੇ ਸਾਂ।

"ਮੈਨੂੰ ਕੁਸ਼ ਨੀ ਹੋਇਆ, ਤੁਸੀਂ ਜਾ ਕੇ 'ਰਾਮ ਨਾਲ ਰੋਟੀ-ਪਾਣੀ ਛਕੋ ਤੇ ਆਪੋ ਆਪਣੀ ਡਿਊਟੀ 'ਤੇ ਜਾਓ..."

"ਪਰ ਪਾਪਾ ਜੀ..."

"ਗੁਰਮਿੰਦਰ ਸਿਆਂਹ! ਕਮਰਕੱਸੇ ਕਰ ਦਿੱਲੀ ਜਾਣ ਲਈ, ਇਹ ਮੌਕਾ ਸਾਰਿਆਂ ਨੂੰ ਮਿਲਦੈ ਕਿਤੇ?" ਉਸ ਵਰ੍ਹੇ ਮੈਨੂੰ ਪਹਿਲੀ ਵਾਰ ਗਣਤੰਤਰ ਦਿਵਸ ਦੇ ਕਵੀ ਦਰਬਾਰ ਵਾਸਤੇ ਲਾਲ ਕਿਲ੍ਹੇ ਬੁਲਾਇਆ ਗਿਆ ਸੀ ਤੇ ਪਾਪਾ ਜੀ ਆਪਣੇ ਆਪ ਨੂੰ ਦਿੱਲੀ ਦੇ ਤਖ਼ਤ ਉੱਤੇ ਬੈਠਾ ਮਹਿਸੂਸ ਕਰ ਰਹੇ ਸਨ। ਜਿਸ ਦਿਨ ਦਾ ਸੱਦਾ-ਪੱਤਰ ਆਇਆ ਸੀ ਉਨ੍ਹਾਂ ਤੋਂ ਖ਼ੁਸ਼ੀ ਸਾਂਭੀ ਨਹੀਂ ਸੀ ਜਾ ਰਹੀ।

"ਮੈਂ ਨਹੀਂ ਕਿਤੇ ਜਾਣਾ-ਜੂਣਾ, ਤੁਸੀਂ ਠੀਕ ਨਹੀਂ ਪਾਪਾ ਜੀ..." ਉਨ੍ਹਾਂ ਦਾ ਪੀਲਾ ਭੂਕ ਰੰਗ ਤੇ ਨੀਲੱਤਣ ਫੜ ਰਹੇ ਸੁੱਕੇ ਸਿੱਕਰੇ ਹੋਂਠ ਮੇਰਾ ਮਨੋਬਲ ਰਸਾਤਲ ਵੱਲ ਲਿਜਾ ਰਹੇ ਸਨ।

"ਕੋਈ ਤਕਲੀਫ਼ ਹੋਈ ਤਾਂ ਮੈਂ ਆਪ ਦੱਸੂੰ, ਤੁਸੀਂ ਤਾਂ ਐਵੇਂ ਈ..." ਅੱਧੀ ਗੱਲ ਉਨ੍ਹਾਂ ਦੇ ਮੂੰਹ ਵਿੱਚ ਹੀ ਸੀ ਕਿ ਗਲੱਸ ਦੇ ਕੇ ਇਕ ਹੋਰ ਉਲਟੀ ਆ ਗਈ, ਬਿਸਤਰੇ ਨੂੰ ਲਹੂ ਲੁਹਾਣ ਹੋਇਆ ਦੇਖ ਕੇ ਉਹ ਸਾਡੇ ਵੱਲ ਗੁਨਾਹਗਾਰਾਂ ਵਾਂਗ ਝਾਕੇ। ਅਸੀਂ ਬਿਨਾਂ ਇਕ ਪਲ ਗੁਆਇਆਂ ਉਨ੍ਹਾਂ ਨੂੰ ਪੀ.ਜੀ.ਆਈ. ਲੈ ਗਏ, ਪੂਰਾ ਦਿਨ ਇਲਾਜ ਚੱਲਦਾ ਰਿਹਾ, ਉਨ੍ਹਾਂ ਦੇ ਫਰਕਦੇ ਹੋਂਠ ਕੁਝ ਦੇਰ ਲਈ ਬੇਹਰਕਤ ਹੋਏ ਤੇ ਫਿਰ ਹਮੇਸ਼ਾ ਲਈ ਖ਼ਾਮੋਸ਼ ਹੋ ਗਏ, ਪਰ ਉਨ੍ਹਾਂ ਵਿੱਚੋਂ ਇਕ ਵਾਰ ਵੀ 'ਸੀਅ' ਜਾਂ 'ਹਾਇ' ਨਹੀਂ ਨਿੱਕਲੀ।

# ਕਾਵਿ-ਕਿਆਰੀ

## ''ਗੁਰੂ ਗੋਬਿੰਦ ਸਿੰਘ ਜੀ''

ਲਾਡ ਪਿਤਾ ਦਾ ਹਰ ਕੋਈ ਚਾਹੇ,
ਪਿਤਾ ਹੱਥੀਂ ਕੁਰਬਾਨ ਕਰਾਉਣਾ ਔਖਾ ਏ।
ਪੁੱਤਾਂ ਲਈ ਸਭ ਕੋਈ ਸੁੱਖਦਾ,
ਪੁੱਤ ਵਿੱਚ ਨੀਹਾਂ ਚਿਣਵਾਉਣਾ ਔਖਾ ਏ।
ਜ਼ੁਲਮ ਕਹਿਰ ਤੋਂ ਸਭ ਨੂੰ ਨਫ਼ਰਤ,
ਦੁਨੀਆਂ ਤੇ ਜ਼ੁਲਮ ਸੁਣਾਉਣਾ ਔਖਾ ਏ।
ਤਕੜੇ ਨੂੰ ਹਰ ਕੋਈ ਪੂਜੇ,
ਮਾੜੇ ਨੂੰ ਗਲੇ ਲਗਾਉਣਾ ਔਖਾ ਏ।
ਦਸ਼ਮੇਸ਼ ਪਿਤਾ ਨੇ ਜੋ ਕੀਤਾ,
ਉਹ ਕਦੇ ਭੁਲਾਇਆ ਨਹੀਂ ਜਾ ਸਕਦਾ।
ਚੰਦ ਲਾਇਨਾਂ ਵਿੱਚ ਕੀ-ਕੀ ਆਖਾਂ,
ਵਿੱਚ ਗ੍ਰੰਥ ਸਮਾਇਆ ਨਹੀਂ ਜਾ ਸਕਦਾ।
ਦੇਸ਼ ਪਿਆਰ ਦੀ ਇਸ ਮਿਸਾਲ ਬਿਨਾਂ,
ਹਿੰਦ ਦਾ ਇਤਿਹਾਸ ਸਜਾਇਆ ਨਹੀਂ ਜਾ ਸਕਦਾ।
ਅਹਿਸਾਨ ਮੇਰੇ ਸਤਿਗੁਰ ਦਾ ਇਸ ਹਿੰਦ ਤੋਂ,
ਜੁੱਗਾਂ ਤੀਕ ਚੁਕਾਇਆ ਨਹੀਂ ਜਾ ਸਕਦਾ।
ਪੀਰਾਂ ਦਾ ਪੀਰ ਤੂੰ, ਤੇ ਰਣ ਵਿੱਚ ਸਿਪਾਸਾਲਾਰ ਗੁਰੂ।
ਪਹਿਲਾਂ ਪਿਤਾ ਵਾਰਿਆ, ਫਿਰ ਭੇਟ ਚੜ੍ਹਾਇਆ ਕੁਲ ਪਰਿਵਾਰ ਗੁਰੂ।
ਸਭ ਸ਼ਾਹਾਂ ਤੋਂ ਉੱਚਾ ਸ਼ਾਹ, ਤੁਦ ਜਿਹਾ ਨਹੀਂ ਦਾਤਾਰ ਗੁਰੂ।
ਵਿਦਵਾਨਾਂ ਦਾ ਤੂੰ ਕਦਰਦਾਨ, ਧੰਨ ਤੇਰਾ ਕਵੀ ਦਰਬਾਰ ਗੁਰੂ।
ਤੂੰ ਦੁੱਖ ਸਹਾਰੇ ਸਾਡੇ ਲਈ ਜੋ, ਅਸੀਂ ਉਹਨਾਂ ਲਈ ਸ਼ੁਕਰਗੁਜ਼ਾਰ ਗੁਰੂ।
ਰਘਬੀਰ ਸਿੰਘ ਇਸ ਕਲਮ ਤੋਂ, ਜਾਵੇ ਨਾਂ ਗੁਰੂ ਸਰਾਇਆ ਹੈ।
ਸਾਤ ਲੋਕ ਕੇ ਬੰਦਨ ਕਟਣ, ਗੁਰੂ ਗੋਬਿੰਦ ਸਿੰਘ ਆਇਆ ਹੈ।

**ਗਰੁੱਪ ਕੈਪਟਨ ਸ. ਰਘਬੀਰ ਸਿੰਘ**

*****

## ਲ.ਫਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ
## ਗੀਤ

ਕਵੀ ਅਤੇ ਭਗਤ ਇਕੋ ਮਾਰਗ ਉੱਤੇ ਚੱਲਣ ਵਾਲੇ
ਦੋ ਰਾਹੀ-ਦੋ ਪ੍ਰੇਮੀ-ਦੋ ਜਗਿਆਸੂ ਹੁੰਦੇ ਹਨ।
ਪਰ ਕਵੀ ਮੰਜ਼ਿਲ ਦੇ ਐਨ ਨਜ਼ਦੀਕ ਜਾ ਕੇ ਅਟਕ ਜਾਂਦਾ ਹੈ।
ਕਵੀ ਨੂੰ ਵੀ ਝਲਕ ਤੇ ਪਈ ਹੀ ਹੁੰਦੀ ਹੈ ਆਪਣੇ ਪ੍ਰੀਤਮ ਦੀ।
ਤੇ ਉਹ ਉਸੇ ਝਲਕ ਨੂੰ ਬਿਆਨ ਕਰਦਾ ਰਹਿੰਦਾ ਹੈ।



ਕਵੀ ਕਲਪਨਾ ਵਿਚ ਚਲੇ ਜਾਣ ਵਾਲੇ ਪ੍ਰੇਮੀ ਦਾ ਨਾਮ ਹੈ।
ਕਵੀ ਅਟਕੇ ਹੋਏ ਪਿਆਰ ਦੀ ਦਾਸਤਾਂ ਹੁੰਦੀ ਹੈ।
ਪਰ ਭਗਤ ਅਟਕੇ ਹੋਏ ਪਿਆਰ ਦਾ ਮੁਸਾਫਰ ਨਹੀਂ ਹੁੰਦਾ।
ਭਗਤ ਕਲਪਨਾ ਦੇ ਜਾਲ ਵਿਚ ਉਲਝਦਾ ਉਲਝਦਾ ਬੱਚ ਜਾਂਦਾ ਹੈ।
ਭਗਤ ਆਪਣੇ ਪ੍ਰੀਤਮ ਨੂੰ ਕਲਪਨਾ ਵਿਚ ਨਹੀਂ ਸਗੋਂ ਆਪਣੇ
ਸਾਹਮਣੇ ਦੇਖਦਾ ਹੈ, ਅੰਗ ਸੰਗ ਅਤੇ ਆਲੇ-ਦੁਆਲੇ।
ਸਾਕਾਰ ਹੋਏ ਪਿਆਰ ਦਾ ਨਾਮ ਭਗਤੀ ਹੈ।
ਤੇ ਜਦੋਂ ਭਗਤ ਦੀ ਅਵਸਥਾ ਵਿਚ ਕਵਿਤਾ ਦਾ ਨਿਰਮਾਣ ਹੁੰਦਾ ਹੈ
ਉਹ ਸਾਹਮਣੇ ਦੇਖੇ ਪ੍ਰੀਤਮ ਦੇ ਨਕਸ਼ ਨੁਹਾਰਾਂ ਦੀ ਉਪਮਾ ਹੁੰਦੀ ਹੈ।
ਕਲਪਨਾ ਦੇ ਬਾਗ ਵਿਚ ਸਜਾਏ ਅਤੇ
ਉਗਾਏ ਫੁਲਾਂ ਦੀ ਕਹਾਣੀ ਨਹੀਂ ਹੁੰਦੀ।
ਤੇ ਉਹ ਕਵੀ ਵੀ ਧੰਨ ਹੁੰਦੇ ਹਨ ਜੋ ਭਗਤ ਹੋ ਜਾਂਦੇ ਹਨ
ਅਤੇ ਉਹ ਭਗਤ ਹੋਰ ਵੀ ਧੰਨ ਹੋ ਜਾਂਦੇ ਹਨ
ਜਿਹੜੇ ਸਾਹਮਣੇ ਦੇਖੇ ਪ੍ਰੀਤਮ ਦੇ ਦਰਸ ਨੂੰ ਕਵਿਤਾ ਰਾਹੀਂ ਬਿਆਨ
ਕਰ ਸਕਣ ਦੇ ਯੋਗ ਹੋ ਜਾਂਦੇ ਹਨ।

*****

## ''ਮੈਂ ਮੇਰੀ''

ਮੇਰੇ ਵਾਂਗੂ, ਮੇਰੀ ਮੈਂ ਵੀ ਬੜੀ ਦਲੇਰ ਹੈ।
ਹਵਾ ਨੂੰ ਹੀ, ਤਲਵਾਰਾਂ ਮਾਰਨ ਲਈ ਸ਼ੇਰ ਹੈ।



ਕਾਇਰਤਾ ਕਮਾਉਣ 'ਚ ਇਸਦਾ ਕੋਈ ਤੋੜ ਨਹੀਂ,
ਸੰਘਰਸ਼ 'ਚੋਂ ਕਿਵੇਂ ਖਸਕਨੈਂ ਦੱਸਣ ਦੀ ਲੋੜ ਨਹੀਂ।
ਸਦਾਬਹਾਰ ਦਿਲਬਰਾ ਦੀ ਵੀ ਇਹ ਸੱਕੀ ਨਹੀਂ,
ਅਪਣੱਤ ਜਿਤਾਉਂਦੀ ਨਿੰਦਾ ਕਰਦੀ ਕਦੇ ਥੱਕੀ ਨਹੀਂ।
ਮੈਂ ਮੇਰੀ ਅੱਜ ਸਿਆਸਤ ਲਈ ਇੱਕ ਮੰਤਰ ਹੈ,
ਪਰ ਸੱਚ ਆਚਾਰ ਸਿਆਸਤ ਤੋਂ ਸੁਤੰਤਰ ਹੈ।
ਮਨਅੰਤਰ ਠਾਕ ਨਿਰੰਤਰ ਮੈਂ ਮੇਰੀ ਨੂੰ ਜਾਣੀਏ,
ਪਰਤ ਦਰ ਪਰਤਾਂ ਘੋਲ, ਇਸ ਦਾ ਤਰਕ ਪਛਾਣੀਏ।
ਸਿਰ ਚੜ੍ਹ ਬੈਠੀ ਮੈਂ ਮੇਰੀ ਹੋਰ ਸਿਰ ਨਾ ਚੜ੍ਹਾਈਏ,
ਸੱਤ ਜਨਮ ਗੁਆ ਕੇ ਵੀ ਇਸ ਦੀ ਜੂਹੇ ਜਾਈਏ।
ਰੱਬ ਕਰੇ ਹਰ ਦੇਸ਼ ਨਰੇਸ਼ ਮੈਂ ਮੇਰੀ ਤੋਂ,
ਪੂਰਨ ਭਾਂਤ ਇਸ ਕਦਰ ਆਗਾਹ ਹੋ ਜਾਵੇ।
ਕਿਸੇ ਵੀ ਦੇਸ਼ ਦਾ ਕੋਈ ਵੀ ਮੰਦਭਾਗਾ ਖਿੱਤਾ,
ਹੀਰੋ-ਸ਼ੀਮਾ ਨਾਗਾ-ਸਾਕੀ ਨਾ ਸਾਲਾਂ ਬੱਧੀ ਨਰਕ ਹੰਢਾਵੇ।
550ਵੇਂ ਅਵਤਾਰ ਪੂਰਬ 'ਤੇ ਬਾਬੇ ਨਾਨਕ ਦੇ,
ਸੱਚ ਅਚਾਰੀ ਕਾਰਵਿਹਾਰੀ ਅਨੁਯਾਈ ਬਣ ਜਾਈਏ।
ਮੈਂ ਮੇਰੀ ਨੂੰ ਮਾਰਨ ਦਾ, ਮਰਦਿ ਕਾਮਿਲ ਦਾ,
ਪੂਰੇ ਵਿਸ਼ਵ ਵਿੱਚ ਸ਼ਾਂਤੀ ਦਾ ਸੰਦੇਸ਼ ਪਹੁੰਚਾਈਏ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ, ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

*****

## ਕੋੜਾ ਸੱਚ



ਪੰਜਾਬ ਨੂੰ ਪੱਟਿਆ ਲੱਚਰ ਗੀਤਾਂ
ਇਨਸਾਨੀਅਤ ਦੀਆਂ ਭੁੱਲੇ ਸਭ ਰੀਤਾਂ
ਲਿਖਣ ਵਾਲਿਆਂ ਸ਼ਰਮ ਹੈ ਲਾਈ
ਗਾਉਣ ਵਾਲਿਆਂ ਅੱਤ ਮਚਾਈ।

ਲਾਹ ਕਿ ਪੱਗਾਂ ਵਾਲ ਕਟਾਏ
ਤਰ੍ਹਾਂ ਤਰ੍ਹਾਂ ਦੇ ਡਿਜਾਇਨ ਬਣਾਏ
ਕੰਨੀ ਮੁੰਦਰਾਂ ਪਾ ਕਿ ਨੱਚਦੇ
ਪੀ ਸ਼ਰਾਬ ਸਟੇਜਾਂ ਤੇ ਟੱਪਦੇ।

ਕੁੜੀਆਂ ਨੇ ਵੀ ਕਸਰ ਨਾ ਛੱਡੀ
ਲਾਹ ਕਿ ਚੁੰਨੀ ਮਾਰਨ ਅੱਡੀ
ਚੜ੍ਹ ਸਟੇਜ ਗੀਤ ਜਦ ਗਾਵਣ
ਇਜ਼ੱਤਾਂ ਵਾਲੇ ਨੀਵੀਆਂ ਪਾਵਣ।

ਪੰਜਾਬ ਨੂੰ ਦੱਸਦੇ ਗੀਤਾਂ ਵਿਚ ਇਦਾਂ
ਦਸ ਨੰਬਰੀਏ ਰਹਿੰਦੇ ਨੇ ਜਿੱਦਾਂ
ਫੜ੍ਹ ਫੜ੍ਹ ਗੰਨਾ ਫਾਇਰ ਚਲਾਉਂਦੇ
ਧੀਆਂ ਭੈਣਾਂ ਉਤੇ ਗੀਤ ਹਨ ਗਾਉਂਦੇ।

ਕਬਜਾ ਲੈਣਾ ਜਾ ਜੱਟ ਦੀ ਮੰਗ
ਸੋਹਿਲੇ ਗਾਉਂਦਿਆਂ ਆਉਂਦੀ ਨਾ ਸੰਗ
ਕਿਹੜੇ ਜੱਟਾਂ ਦੀ ਗੱਲ ਹੋ ਕਰਦੇ
ਫਾਹਾ ਲੈ ਲੈ ਰੋਜ਼ ਨੇ ਮਰਦੇ।

ਬਸ ਕਰੋ ਹੋਰ ਨਾ ਫੂਕ ਛਕਾਉ
ਰੱਬ ਦਾ ਵਾਸਤਾ ਚੁੱਪ ਕਰ ਜਾਓ
ਹੋਰ ਨਾ ਤੁਸੀਂ ਵੰਡੀਆਂ ਪਾਓ।
ਸਰਦਾਰ ਹਾਂ ਸਰਦਾਰਾਂ ਦੀ ਗਾਥਾ ਸਣਾਓ।

ਕਹਾਣੀਆਂ ਸੂਰਬੀਰਾਂ ਦੀਆਂ ਭੁਲੇ
ਵਿਚ ਮੈਦਾਨਾ ਖੂਨ ਜੋ ਡੁੱਲੇ
ਨਾਮ ਗੁਰਾਂ ਤੇ ਵੱਸਦਾ ਪੰਜਾਬ
ਕੌਮ ਸ਼ੇਰਾਂ ਦੀ ਜੋ ਰਹੇ ਆਜ਼ਾਦ।

ਭਗਤ ਸਿੰਘ ਊਧਮ ਸਿੰਘ ਨੂੰ ਗਾਓ
ਸੁੱਖਦੇਵ ਰਾਜ ਗੁਰੂ ਦੇ ਕਿੱਸੇ ਸੁਨਾਓ
ਸੱਚ ਗਾਉਣ ਦਾ ਰਸਤਾ ਅਪਣਾਓ
ਰੋਲ ਮਾਡਲ ਜਾਵਾਨਾਂ ਦੇ ਬਣ ਜਾਓ।

ਦੇਸ਼ ਦੇ ਵਿਚ ਪੰਜਾਬ ਦੀ ਸ਼ਾਨ
ਸਿਰ ਦਸਤਾਰ ਸਿੱਖ ਦੀ ਪਹਿਚਾਣ
ਪੰਜਾਬੀ ਕਲਚਰ ਸੱਚਾ ਸੁਚਾ
ਦੁਨੀਆਂ ਦੇ ਵਿਚ ਨਾਮ ਹੈ ਉਚਾ।

ਮੈਂ ਨਹੀਂ ਰੋਕਦਾ ਸ਼ੋਅ ਕਰਵਾਓ
ਫੁਕਰੇ ਕਲਾਕਾਰ ਨਾ ਬਲਾਓ
ਕਹਿੰਦਾ ਸੁਭਾਨਪੁਰੀ ਸੁਣੋਂ ਮੇਰੇ ਯਾਰ
ਕਲਚਰ ਵਿਚ ਲਿਆਈਏ ਸੁਧਾਰ।

-ਰਘਬੀਰ ਸਿੰਘ ਸੁਭਾਨਪੁਰ
ਨੰ. 917-701-4259

## ਸ਼ਬਦਾਂ ਦੇ ਸੰਜੋਗ

**ਹਰਬਖ਼ਸ਼ ਸਿੰਘ ਟਾਹਲੀ**

* ਮੈਂ ਪਿਆਰ ਕਰਨ ਵਾਲਾ ਸੁਦਾਮਾ ਹਾਂ, ਮੈਨੂੰ ਲੋੜ ਹੈ ਇਕ ਕ੍ਰਿਸ਼ਨ ਦੀ ਜੋ ਮੇਰੀ ਬਾਂਹ ਫੜੇ ਅਤੇ ਮੇਰੀ ਬਾਂਹ ਫੜ ਕੇ ਮੈਨੂੰ ਗਰੀਬੀ ਵਿਚੋਂ ਬਾਹਰ ਕੱਢ ਦੇਵੇ।
* ਹਰ ਯੁੱਗ ਦੇ ਆਪਣੇ-ਆਪਣੇ ਹਿਟਲਰ ਤੇ ਔਰੰਗਜ਼ੇਬ ਹੁੰਦੇ ਹਨ। ਇਸੇ ਤਰ੍ਹਾਂ ਹਰ ਯੁੱਗ ਦੇ ਆਪਣੇ-ਆਪਣੇ ਜੀਸਸ, ਮੁਹੰਮਦ ਤੇ ਨਾਨਕ ਹੁੰਦੇ ਹਨ।
* ਦੁਨੀਆਂ ਵਿਚ ਕੋਈ ਵੀ ਐਸਾ ਮਹਾਂਪੁਰਸ਼ ਨਹੀਂ ਹੋਇਆ ਜੋ ਆਪਣੇ ਵੇਲੇ ਦੇ ਸਮਾਜ ਤੋਂ ਬੇਇਜ਼ਤ ਨਾ ਹੋਇਆ ਹੋਵੇ।
* ਧਰਮ ਤੇ ਪਾਪ ਦਾ ਗੂੜ੍ਹਾ ਰਿਸ਼ਤਾ ਹੁੰਦਾ ਹੈ, ਜੇ ਧਰਤੀ ਤੋਂ ਪਾਪ ਮੁੱਕ ਜਾਵੇ ਤਾਂ ਧਰਮ ਵੀ ਮੁੱਕ ਜਾਵੇਗਾ ਕਿਉਂਕਿ ਨਾ ਕੋਈ ਸਮਝਣ ਵਾਲਾ ਰਹੇਗਾ ਤੇ ਨਾ ਹੀ ਸਮਝਾਉਣ ਵਾਲਾ।
* ਗੁਰੂ ਗ੍ਰੰਥ ਸਾਹਿਬ ਅਨੁਸਾਰ ਧਰਮ ਸੋਚਣ ਦਾ ਵਿਸ਼ਾ ਨਹੀਂ ਮੰਨਣ ਦਾ ਵਿਸ਼ਾ ਹੁੰਦਾ ਹੈ।
* ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਚੌਥੇ ਪੱਦ ਵਿਚ ਲਿਖੀ ਗਈ ਹੈ, ਇਸ ਬਾਣੀ ਨੂੰ ਸਮਝਣ ਤੋਂ ਪਹਿਲਾਂ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਚੌਥਾ ਪਦ ਕੀ ਹੁੰਦਾ ਹੈ।
* ਗੁਰਦਵਾਰਿਆਂ ਦੇ ਪ੍ਰਬੰਧਕਾਂ ਕੋਲ ਏਨਾ ਸਮਾਂ ਨਹੀਂ ਹੁੰਦਾ ਕਿ ਉਹ ਸਕੂਨ ਨਾਲ ਗੁਰਬਾਣੀ ਦਾ ਅਨੰਦ ਲੈ ਸਕਣ।
* ਅਸੀਂ ਕਈ ਵਾਰ ਆਪਣੇ ਸਾਥੀ ਦੀ ਤਰੱਕੀ ਉਤੇ ਈਰਖਾ ਕਰਨ ਲੱਗ ਜਾਂਦੇ ਹਾਂ।
* ਕੀਤੇ ਕਰਾਏ ਅਖੰਡ ਪਾਠ ਅਤੇ ਕੀਤੀ ਕਰਾਈ ਅਰਦਾਸ ਤੁਹਾਡੇ ਪਰਮਾਰਥ ਨੂੰ ਬਦਲਣ ਵਿਚ ਸਹਾਈ ਨਹੀਂ ਹੋ ਸਕਦੇ।
* ਗੁਰੂ ਤੇ ਅਧਿਆਪਕ ਵਿਚ ਫਰਕ ਹੁੰਦਾ ਹੈ, ਗੁਰੂ ਜ਼ਿੰਦਗੀ ਦਾ ਰਹੱਸ ਸਿਖਾਉਂਦਾ ਹੈ ਜਦੋਂ ਕਿ ਅਧਿਆਪਕ ਗੁਣ ਸਿਖਾਉਂਦਾ ਹੈ।

# ਮਾਂ ਬੋਲੀ ਪੰਜਾਬੀ
# ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ਸਲਾਦ ਅਤੇ ਸਲਾਦੀ ਵਸਤਾਂ ਦੇ ਗੁਣ

**ਵੈਦ ਮੇਘਨਾਥ ਜੀ**




ਹਰੀ, ਕੱਚੀ, ਤਾਜ਼ੀ ਸਾਗ, ਸਬਜ਼ੀ ਜਿਵੇਂ ਕਿ ਮੂਲੀ, ਗਾਜਰ, ਚੁਕੰਦਰ, ਟਮਾਟਰ, ਪਿਆਜ਼ ਆਦਿ ਨੂੰ ਮਿਲਾ ਕੇ ਸਲਾਦ ਤਿਆਰ ਕੀਤਾ ਜਾਂਦਾ ਹੈ। ਇਹ ਇਕੱਲਾ ਹੀ ਜਾਂ ਭੋਜਨ ਦੇ ਨਾਲ ਖਾਣ ਦੀ ਪੁਰਾਣੇ ਸਮੇਂ ਤੋਂ ਹੀ ਰੀਤ ਚਲੀ ਆ ਰਹੀ ਹੈ। ਤਾਜ਼ੀਆਂ ਅਤੇ ਹਰੀਆਂ ਤੇ ਕੱਚੀਆਂ ਸਾਗ ਸਬਜ਼ੀਆਂ ਵਿਚ ਵਿਟਾਮਿਨਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜੋ ਸਿਹਤ ਵਾਸਤੇ ਅੰਮ੍ਰਿਤ ਸਮਾਨ ਹੁੰਦੀਆਂ ਹਨ। ਕੁਦਰਤ ਨੇ ਸਾਨੂੰ ਜਿਉਣ ਵਾਸਤੇ ਬੇਅੰਤ ਪੌਸ਼ਟਿਕ ਆਹਾਰ ਦਿੱਤੇ ਹਨ ਜਿਸ ਵਿਚ ਹਰੀਆਂ ਬਨਸਪਤੀਆਂ, ਰਸਾਂ ਵਾਲੇ ਫਲ ਜੋ ਕਿ ਲਾਭਕਾਰੀ ਤੱਤਾਂ ਵਾਲੇ ਹੁੰਦੇ ਹਨ। ਸਾਡੇ ਰੋਜ਼ ਦੇ ਭੋਜਨ ਵਿਚ ਇਹ ਨਾ ਹੋਣ ਤਾਂ ਸਾਡਾ ਸਰੀਰ ਤੰਦਰੁਸਤ ਰਹਿਣਾ ਮੁਸ਼ਕਲ ਹੈ। ਸਰੀਰ ਦੇ ਵਿਕਾਸ ਵਾਸਤੇ ਕਾਰਬੋਹਾਈਡਰੇਟ ਅਤੇ ਤਾਪਮਾਨ ਵਾਸਤੇ ਚਿਕਨਾਈ ਦੀ ਲੋੜ ਹੁੰਦੀ ਹੈ ਇਨ੍ਹਾਂ ਤਿੰਨ ਪ੍ਰਕਾਰ ਦੇ ਤੱਤਾਂ ਨੂੰ ਮਿਲਾ ਕੇ ਹੀ ਤੰਦਰੁਸਤੀ ਪ੍ਰਾਪਤ ਕੀਤੀ ਜਾ ਸਕਦੀ ਹੈ, ਸਰੀਰ ਨੂੰ ਨਿਰੋਗ ਬਨਾਉਣ ਵਾਸਤੇ ਸੰਤੁਲਨ ਭੋਜਨ ਜ਼ਰੂਰੀ ਹੈ। ਫਲ ਅਤੇ ਸਬਜ਼ੀਆਂ ਦੀ ਵਰਤੋਂ ਨਾਲ ਸਰੀਰ ਵਿਚ ਪੌਸ਼ਟਿਕ ਤੱਤਾਂ ਦੀ ਕਮੀ ਨਹੀਂ ਹੁੰਦੀ ਅਤੇ ਸਰੀਰ ਵਿਚ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਵਧਦੀ ਹੈ। ਅੱਜ ਦੇ ਯੁੱਗ ਵਿਚ ਹਰੀਆਂ ਸਬਜ਼ੀਆਂ-ਭਾਜੀਆਂ ਦੀ ਜੋ ਵਰਤੋਂ ਕੀਤੀ ਜਾਂਦੀ ਹੈ ਉਹ ਮਿਰਚ-ਮਸਾਲਿਆਂ ਨਾਲ ਅੱਗ ਤੇ ਪਕਾਏ ਜਾਂਦੇ ਹਨ ਜਿਸ ਕਰਕੇ ਸਾਨੂੰ ਪ੍ਰਾਪਤ ਵਿਟਾਮਿਨ ਨਹੀਂ ਮਿਲਦੇ ਕਿਉਂਕਿ ਇਨ੍ਹਾਂ ਦੇ ਜ਼ਿਆਦਾ ਅੰਸ਼ ਅਗਨੀ ਵਿਚ ਜਲ ਕੇ ਖਤਮ ਹੋ ਜਾਂਦੇ ਹਨ। ਸਾਗ ਸਬਜ਼ੀਆਂ ਵਿਚ ਜ਼ਿਆਦਾ ਅੰਸ਼ ਐਸੀ ਹੁੰਦੀ ਹੈ। ਇਨ੍ਹਾਂ ਨੂੰ ਕੱਚਾ ਹੀ ਖਾਇਆ ਜਾ ਸਕਦਾ ਹੈ ਅੱਗ ਤੇ ਪਕਾਈਆਂ ਸਬਜ਼ੀਆਂ ਦੇ ਮੁਕਾਬਲੇ ਬਹੁਤ ਲਾਭਕਾਰੀ ਹੁੰਦੇ ਹਨ। ਫਲਾਂ ਅਤੇ ਸਬਜ਼ੀਆਂ ਦੇ ਜਲ (ਤਰਕਾਰੀ) ਤੰਦਰੁਸਤੀ ਲਈ ਬਹੁਤ ਹੀ ਦੁਰਲੱਭ ਹੈ। ਇਹ ਕੇਵਲ ਖਣਿਜ ਲਵਨ ਹੀ ਅਨੁਪ੍ਰਦਾਨ ਨਹੀਂ ਕਰਦਾ ਬਲਕਿ ਵਿਟਾਮਿਨਜ਼ ਤੰਦਰੁਸਤੀ ਲਈ, ਸਿਹਤ ਦੀ ਰੱਖਿਆ, ਨਾਲ-ਨਾਲ ਸਰੀਰ ਦੀ ਅੰਦਰੋਂ ਸਫ਼ਾਈ ਵੀ

ਕਰਦਾ ਹੈ। ਖੋਜ 'ਚੋਂ ਪਤਾ ਲੱਗਾ ਹੈ ਕਿ ਆਦਿ ਵਾਸੀਆਂ ਨੂੰ ਸਬਜ਼ੀਆਂ ਬਗੈਰਾ ਕੱਚਾ ਖਾਣ ਦੀ ਆਦਤ ਸੀ ਜਿਸ ਕਰਕੇ ਉਨ੍ਹਾਂ ਦਾ ਸਰੀਰ ਮਜ਼ਬੂਤ ਤੇ ਦੰਦ ਵੀ ਮਜ਼ਬੂਤ ਹੁੰਦੇ ਸਨ। ਭੋਜਨ ਸ਼ਾਸਤਰੀਆਂ ਦਾ ਮੱਤ ਹੈ, ਸਰੀਰ ਨੂੰ ਤੰਦਰੁਸਤ ਰੱਖਣ ਵਾਸਤੇ ਮਨੁੱਖ ਦੇ ਭੋਜਨ ਵਿਚ 50% ਖਾਦ ਪਦਾਰਥ ਹੋਣੇ ਚਾਹੀਦੇ ਹਨ ਜੋ ਕਿ ਅੱਗ ਤੇ ਨਾ ਪਕਾਏ ਹੋਣ ਇਸ ਵਾਸਤੇ ਸਾਨੂੰ ਸਲਾਦ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ। ਜੇ ਮਨੁੱਖ ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਦੀ ਸਲਾਦ ਦੇ ਰੂਪ ਵਿਚ ਵਰਤੋਂ ਕਰੇ ਤਾਂ ਭੋਜਨ ਦਾ ਸੁਆਦ ਹੀ ਨਹੀਂ ਵਧੇਗਾ, ਚਮੜੀ ਦੀ ਚਿਕਨਾਈ ਵੀ ਬਣੀ ਰਹੇਗੀ। ਖ਼ੂਨ ਸ਼ੁੱਧ ਹੋਵੇਗਾ, ਖ਼ੂਨ ਦੀ ਕਮੀ ਨਹੀਂ ਹੋਵੇਗੀ। ਰੋਗਾਂ ਤੋਂ ਵੀ ਬਚਿਆ ਜਾ ਸਕਦਾ ਹੈ। ਸਲਾਦ ਉਨ੍ਹਾਂ ਚੀਜ਼ਾਂ ਦਾ ਬਣਾਇਆ ਜਾ ਸਕਦਾ ਹੈ ਜਿਹੜੀਆਂ ਮੌਸਮ ਅਨੁਸਾਰ ਮਿਲ ਸਕਦੀਆਂ ਹਨ ਮੌਸਮੀ ਹੋਣ ਕਰਕੇ ਸਸਤੀ ਤੇ ਸੌਖੀਆਂ ਮਿਲ ਜਾਂਦੀਆਂ ਹਨ। ਸਲਾਦ ਵਾਸਤੇ ਪੌਦਿਆਂ ਦੇ ਸਾਰੇ ਅੰਗ ਜੜ੍ਹਾਂ, ਪੱਤੇ ਜਾਂ ਫਲ ਜ਼ਰੂਰੀ ਹੁੰਦੇ ਹਨ। ਇਸ ਵਾਸਤੇ ਟਮਾਟਰ, ਗਾਜ਼ਰ, ਪਿਆਜ਼, ਮੂਲੀ, ਮੂਲੀ ਦੇ ਪੱਤੇ, ਧਨੀਆਂ ਜਾਂ ਪੁਦੀਨੇ ਦੇ ਪੱਤੇ, ਚੁਕੰਦਰ, ਅਮਰੂਦ, ਕੇਲੇ ਦੇ ਟੁਕੜੇ, ਖੀਰਾ, ਕੱਕੜੀ ਆਦਿ ਫਲ ਜਾਂ ਸਬਜ਼ੀਆਂ ਲਈਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਵਰਤੋਂ ਵਾਸਤੇ ਛੋਟੇ-ਛੋਟੇ ਟੁਕੜੇ ਗੋਲ-ਗੋਲ ਕੱਟ ਕੇ ਜਾਂ ਕੱਦੂਕਸ਼ ਕਰਕੇ ਨਮਕ, ਅਦਰਕ ਜਾਂ ਨਿੰਬੂ ਦਾ ਰਸ ਆਦਿ ਲਾ ਕੇ ਰੁਚੀਕਾਰਕ ਬਣਾ ਲਿਆ ਜਾਂਦਾ ਹੈ। ਵੈਸੇ ਫਲ ਬਹੁਤ ਮਹਿੰਗੇ ਹੁੰਦੇ ਹਨ ਹਰ ਇਕ ਖਰੀਦ ਨਹੀਂ ਸਕਦਾ। ਤੰਦਰੁਸਤੀ ਵਾਸਤੇ ਭੋਜਨ ਵਿਚ ਪੱਕੀਆਂ ਤਲੀਆਂ ਚੀਜ਼ਾਂ ਦੇ ਨਾਲ-ਨਾਲ ਕੁਝ ਕੱਚੀਆਂ ਚੀਜ਼ਾਂ ਦਾ ਖਾਣਾ ਜ਼ਰੂਰੀ ਹੈ। ਸਲਾਦ ਹਰ ਇਕ ਵਾਸਤੇ ਸੌਖਾ ਤੇ ਸਸਤਾ ਹੈ ਇਸ ਨੂੰ ਭੋਜਨ ਨਾਲ ਮਿਲਾ ਕੇ ਸੰਤੁਲਤ ਬਣਾਉਣ ਵਾਸਤੇ ਸਫਲ ਹੋ ਸਕਦਾ ਹੈ ਇਕ ਅੱਛੇ ਸਲਾਦ ਵਿਚ ਕੰਮ ਆਉਣ ਵਾਲੇ ਪੋਸ਼ਟਿਕ ਤੱਤ ਹੇਠਾਂ ਲਿਖੇ ਗਏ ਹਨ ਜਿਵੇਂ ਕਿ –

1. **ਹਰੇ ਪੱਤੇ** - ਸਲਾਦ ਵਾਸਤੇ ਮੂਲੀ, ਚੁਕੰਦਰ ਜਾਂ ਸ਼ਲਗਮ ਦੇ ਹਰੇ ਪੱਤੇ ਵਰਤੋਂ ਯੋਗ ਹੁੰਦੇ ਹਨ। ਇਨ੍ਹਾਂ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਖਣਿਜ ਪਦਾਰਥ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ, ਫਾਸਫੋਰਸ ਅਤੇ ਗੰਧਕ ਆਦਿ ਪ੍ਰਮੁੱਖ ਰੂਪ ਵਿਚ ਮਿਲਦੇ ਹਨ। ਇਸ ਤੋਂ ਇਲਾਵਾ ਆਇਓਡੀਨ ਵੀ ਪਾਈ ਜਾਂਦੀ ਹੈ। ਇਨ੍ਹਾਂ ਵਿਚੋਂ ਪ੍ਰਾਪਤ ਕੈਲਸ਼ੀਅਮ ਦੀ ਮਾਤਰਾ ਪਾਚਨਕਾਰੀ ਹੁੰਦੀ ਹੈ। ਇਨ੍ਹਾਂ ਵਿਚ ਵਿਟਾਮਿਨ ਏ, ਬੀ, ਸੀ ਮੁੱਖ ਰੂਪ ਵਿਚ ਮਿਲਦੇ ਹਨ।

2. **ਗਾਜਰ** - ਇਸਨੂੰ ਅੰਗਰੇਜ਼ੀ ਵਿਚ ਕੈਰਟ ਕਹਿੰਦੇ ਹਨ, ਇਸ ਵਿਚ ਕੈਰੋਟੀਨ ਬਹੁਤ ਜ਼ਿਆਦਾ ਮਾਤਰਾ ਵਿਚ ਮੌਜੂਦ ਰਹਿੰਦੇ ਹਨ। ਇਸ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਚਿਕਨਾਈ, ਖਣਿਜ ਪਦਾਰਥ, ਕੈਲਸ਼ੀਅਮ, ਫਾਸਫੋਰਸ ਅਤੇ ਆਇਰਨ ਦੀ ਮਾਤਰਾ ਹੁੰਦੀ ਹੈ। ਇਸ ਤੋਂ ਇਲਾਵਾ ਵਿਟਾਮਿਨ ਏ ਤੇ ਬੀ ਕਾਫੀ ਮਾਤਰਾ ਵਿਚ ਹੁੰਦੀ ਹੈ।

**ਗੁਣ** - ਗਾਜਰ ਨਾਲ ਦਿਮਾਗ਼ ਦੀਆਂ ਨਾੜੀਆਂ ਨੂੰ ਤਾਕਤ ਮਿਲਦੀ ਹੈ। ਇਸ ਨਾਲ ਖ਼ੂਨ ਤੇ ਪਿਸ਼ਾਬ ਸਾਫ਼ ਹੁੰਦਾ ਹੈ। ਇਸ ਨਾਲ ਪਿਸ਼ਾਬ ਰਾਹੀਂ ਯੂਰਿਕ ਐਸਿਡ ਨਾਮਕ ਜ਼ਹਿਰੀਲਾ ਪਦਾਰਥ ਸਰੀਰ 'ਚੋਂ ਬਾਹਰ ਨਿਕਲ ਜਾਂਦਾ ਹੈ। ਗਾਜਰ ਦਾ ਪ੍ਰਯੋਗ ਸਰੀਰ ਦੇ ਅੰਦਰ ਪੇਟ ਦੇ ਕੀੜੇ ਬਾਹਰ ਕੱਢਣ ਵਿਚ ਸਹਾਇਕ ਹੈ, ਇਹ ਕਾਮ ਉਤੇਜਕ ਤੇ ਤਾਕਤਵਰ ਹੈ।

3. **ਮੂਲੀ** - ਵਿਟਾਮਿਨ ਏ ਨੂੰ ਛੱਡ ਕੇ ਇਹ ਸਭ ਵਿਟਾਮਿਨ ਅਤੇ ਖਣਿਜ ਪਦਾਰਥ ਦੇਣ ਵਿਚ ਉੱਤਮ ਹੈ। ਵਿਟਾਮਿਨ ਏ ਇਸ ਵਿਚ ਘੱਟ ਹੁੰਦਾ ਹੈ ਪਰ ਆਇਰਨ, ਫਾਸਫੋਰਸ, ਗੰਧਕ, ਕੈਲਸ਼ੀਅਮ ਪੂਰੀ ਮਾਤਰਾ ਵਿਚ ਪਾਏ ਜਾਂਦੇ ਹਨ।

**ਗੁਣ** - ਇਹ ਪੇਟ ਅਤੇ ਪਿਸ਼ਾਬ ਨੂੰ ਸਾਫ਼ ਰੱਖਦੀ ਹੈ ਕਫ਼ ਨੂੰ ਦੂਰ ਕਰਦੀ ਹੈ, ਜਿਗਰ ਦੀ ਕਿਰਿਆ ਨੂੰ ਵਧਾਉਂਦੀ ਹੈ। ਮੂਲੀ ਪੀਲੀਆ, ਪੇਟ ਗੈਸ, ਬਵਾਸੀਰ, ਪਿਸ਼ਾਬ ਸਬੰਧੀ ਰੋਗਾਂ ਵਿਚ ਲਾਭਕਾਰੀ ਹੈ।

4. **ਟਮਾਟਰ** - ਪੱਕੇ ਲਾਲ ਸਖ਼ਤ ਟਮਾਟਰ ਸਲਾਦ ਬਣਾਉਣ ਵਿਚ ਕੰਮ ਆਉਂਦੇ ਹਨ, ਕਿਹਾ ਜਾਂਦਾ ਹੈ ਕਿ ਲਾਲ ਟਮਾਟਰ ਰੋਜ਼ ਕੱਚੀ ਹਾਲਤ ਵਿਚ ਖਾਣ ਨਾਲ ਚਿਹਰਾ ਟਮਾਟਰ ਵਰਗਾ ਲਾਲ ਹੋ ਜਾਂਦਾ ਹੈ। ਟਮਾਟਰ ਖਾਣ ਨਾਲ ਭੁੱਖ ਵਧਦੀ ਹੈ ਤੇ ਤਾਜ਼ਗੀ ਆ ਜਾਂਦੀ ਹੈ। ਇਸ ਵਿਚ ਖਣਿਜ ਪਦਾਰਥ ਕੈਲਸ਼ੀਅਮ, ਫਾਸਫੋਰਸ, ਆਇਰਨ ਵੀ ਕੁੱਝ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ ਅਤੇ ਇਸ ਵਿਚ ਵਿਟਾਮਿਨ ਸੀ ਭਰਪੂਰ ਮਾਤਰਾ ਵਿਚ ਹੁੰਦੀ ਹੈ। ਪੱਕੇ ਟਮਾਟਰ ਵਿਚ ਗੁਲੂਕੋਸ ਵੀ ਪਾਇਆ ਜਾਂਦਾ ਹੈ।

